ਡੀ. ਪੀ. ਨੰਬਰ

੧ ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾ

ਸਤਿਜੁਗ

)[੧

ਸੁਪਨ ਚਰਿਤ੍ਰ ਚਿਤ੍ਰ ਬਨਕ ਬਨੇ ਬਚਿਤ੍ਰ, ਪਾਵਨ ਪਵਿਤ੍ਰ ਮਿਤ੍ਰ ਆਜ ਮੇਰੇ
ਸੋਭਤ ਸਿਹ ਜਾਸਨ ਬਿਲਾਸਨੇ ਕੇ ਅੰਕ ਮਾਲ, ਪ੍ਰੇਮ ਬਸਰਸ ਸੁਖ ਸਹਜ ਸਾ
ਪਰਮ ਦਇਆਲ ਲਾਲ ਲੋਚਨ ਬਿਸਾਲ ਮੁਖ, ਬਚਨ ਰਸਾਲ ਮਾਨੋ ਮਧੁਰ ਪਿ
ਚਾਤ੍ਰਿਕ ਸਬਦ ਸੁਨਿ ਅਖੀਆਂ ਉਘਾਰ ਗਈਂ, ਭਈ ਜਲਮੀਨ ਗਤ ਬਿਰਹੁ
[ਭਾ

ਮਾਘ
ਧ

ਪ

ਐਡੀਟਰ:—
ਬਲਵੰਤ ਸਿੰਘ

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

...ਅਵਤਾਰ

...ਪਾਕ ਪੰਛੀ
...ਖੀ ਨੂੰ
...ਆਇਆ ਸੀ ॥
...ਕ ਕਰ
...ਮ ਪਿਲਾਇਆ ਸੀ ।
...ਦਾ ਹਰ ਇਕ ਨੂੰ
...ਹਾ ਸਬਕ ਪੜ੍ਹਾਇਆ ਸੀ ।
... ਕੰਗਾਲਾਂ ਦਾ
...ਇਕ ਥਾਂ ਕਰਾਇਆ ਸੀ ॥
... ਵਾਲੀ ਦਾ
...ਇਆ ਦਿਨ ਆਇਆ ਏ ।
... ਸੀ ਪਿਆਰ ਦਾ
...ਗੀ ਮੰਗਲ ਗਾਇਆ ਏ ।
...ਰ ਦੀਆਂ ਕੰਧਾਂ ਥਾਂ
...ਕੌਮ ਉਭਾਰੀ ਸੀ ॥
... ਦਿਆਂ ਏਲੰਟਾਂ ਦੀ
...ਰ ਮੁਹਿਮ ਚਲਾਈ ਸੀ ।
...ਨੂੰ ਉਭਿਆਇਆ ਸੀ
... ਸਰਮਾਇਆ ਦਾਰੀ ਸੀ ।
...ਬ ਬਚਾਵਨ ਲਈ
...ਸਿਰ ਆਪ ਸਹਾਰੀ ਸੀ ।
...ਇਸ ਆਜ਼ਾਦੀ ਦਾ
...ਅਜ ਅਵਤਾਰ ਦਿਹਾੜਾ ਏ ।

ਗੁਲਾਮੀ ਜ਼ੰਜੀਰਾਂ ਤੋੜ ਗਿਆ:
ਉਹ ਹਿੰਦ ਦਾ ਲਾੜਾ ਏ ॥
ਹਿੰਦੂ ਤੇ ਮੁਸਲਮ ਸਿਖਾਂ ਨੂੰ
ਜਿਸ ਏਕ ਪਿਆਰ ਸਿਖਾਇਆ ਸੀ ।
ਕੀਤਾ ਬਾਈਕਾਟ ਬਿਦੇਸੀ ਦਾ
ਸੁਦੇਸ਼ੀ ਕਪੜਾ ਪਾਇਆ ਸੀ ।
ਘਰ ਘਾਟ ਦੀ ਨਹੀਂ ਪਰਵਾਹ ਕੀਤੀ
ਸ਼ਾਹੀ ਨਾਲ ਆਢਾ ਲਾਇਆ ਸੀ
ਵਤਨੋਂ ਬੇਵਤਨ ਗਿਆ ਹੋ ਭਾਵੇਂ
ਉਸ ਆਪਣਾ ਹੱਠ ਨਿਭਾਇਆ ਸੀ
ਅਜ ਓਸ ਪਿਆਰੇ ਰਹਿਬਰ ਦਾ
ਤਿਉਹਾਰ ਸਾਲਾਨਾ ਆਇਆ
ਅੰਗ੍ਰੇਜ਼ਾਂ ਦੀ ਗੁਲਾਮੀ ਦਾ
ਜਿਸ ਤੌਕ ਗਲੀਂ ਤੋਂ ਲਾਹਿਆ
ਓਸੇ ਦੀਆਂ ਲੀਹਾਂ ਉਤੇ ਚਲ
ਨੇਤਾ ਜੀ ਹਿੰਦ ਬੁਲਾਈ
ਓਸੇ ਦੀਆਂ ਲੀਹਾਂ ਉਤੇ ਚਲ
ਦੱਤ 'ਭਗਤ' ਸ਼ਹੀਦੀ ਪਾਈ
ਓਸੇ ਦੀਆਂ ਲੀਹਾਂ ਉਤੇ ਚਲ
'ਗਾਂਧੀ' ਨੇ ਹਿੰਦ ਛੁਡਾਈ
ਓਸੇ ਦੀਆਂ ਲੀਹਾਂ ਉਤੇ ਚਲ
ਨਹਿਰੂ ਨੇ ਕੁਰਸੀ ਪਾਈ
ਆਜ਼ਾਦੀ ਦੇ ਪੈਗੰਬਰ ਦੀ
...ਹੂ ਰੰਦ ਅਸਾਂ ਮਨਾਈ ਏ ।
ਉਸ ... ਪ੍ਰੀਤਮ ਪਿਆਰੇ ਦੀ
... ਆਲਮ ਤਾਈਂ ਵਧਾਈ ਹੈ ।

ਬਸੰਤ ਮਨਾਈ ਕੰਤ ਘਰ ਆਏ !

... ਬਸੰ, ਕੜੇ ...ਗ ਅੰਦਰ; ਜਿਤ ਮਿਲਿਆਂ ਭਵਜਲ ਪਾਰ ਉਤਾਰੇ ।
...ਖ ਜਾਰੀ ਚੋਹੁ ਯੁਗ ਜਾਗੇ; ਗੁਰ ਨਾਰੈਣ ਮਨ ਨਾਮ ਉਭਾਰੇ ।
ਨਾਨਕ ਕਲ ਬੰਧਨ ਕਾਟ; ਮਿਟੇ ਅੰਧੇਰ ਕੀਰਤਨ ਕਰ ਭਾਰੇ ।
...ਪ੍ਰਕਾਸ਼ੀ ਤੇ ਅਵਨਾਸੀ; ਰਾਮ ਰਹੀ (ਤਰੰਗ) ਆਏ ਦਾਤਾਰੇ ।
...ਘ ਜੀ ਹਰ ਗੁਨ ਗਾਏ; ਸਦਾ ਕੌਰ ਮਾਤਾ ਜੀ ਜਿਨ ਜਾਏ ।
...ਮ ਗੁਰੂ ਗੁਰ ਜੋਤ ਜਗਾਏ; ਜੋ ਪ੍ਰਕਾਸ਼ ਕੀਓ ਜਗ ਚਾਨਣ ਪਾਏ ।
...ਨਾਈ ਕੰਤ ਘਰ ਆਏ; ਨਰ ਨਾਰੀ ਮਿਲ ਸਭ ਮੰਗਲ ਗਾਏ ।
...ਪ ਅਜ ਧਰਾ ਅਵਤਾਰੀ, ਏਤ ਵਧਾਈ ਕੋਹ "ਤਰੰਗ" ਖੁਸ਼ੀ ਮਨਾਏ ।

...ਤੌ... ...Jagjit Singh Ji Elibrary NamdhariElibrary@gmail.com

੧ ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਕਲਿਜੁਗ ਤੇ ਸਤਿਜੁਗ ਵਰਤਾਊਂ। ਤਬੀ ਬਾਰ੍ਹਵਾਂ ਬਧ ਕਹਾਊਂ।

"ਸਤਿਜੁਗ"

ਦਾ

ਬਸੰਤ-ਅੰਕ

) [੧੮ ਮਾਘ ਸੰ: ੨੦੦੮ ਵੀਰਵਾਰ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੩੭) (ਨੰ ੧

ਵਧਾਈ ! ਵਧਾਈ !! ਵਧਾਈ !!!

ਫੁਲ ਬਰਸਾਏ ਨੇ !

ਮਾਘ ਸੁਦੀ ਪੰਚਮੀ ਬਸੰਤ ਗੁਰ ਵਾਰ ਕੋ,
ਧਾਰ ਅਵਤਾਰ ਗੁਰੂ ਰਾਮ ਸਿੰਘ ਆਏ ਨੇ !
ਪਿਤਾ ਜੱਸਾ ਸਿੰਘ ਅਤੇ ਮਾਤ ਸਦਾ ਕੌਰ ਜੀ ਦੇ,
ਭਾਗਾਂ ਭਰੀ ਗੋਦੀ ਤਾਈ ਭਾਗ ਜਿਵੇਂ ਲਾਏ ਨੇ !
ਪਾਪੀਆਂ ਪਾਖੰਡੀਆਂ ਦੇ ਤੋੜ ਦਿਤੇ ਮਾਣ ਸਾਰੇ,
ਨਾਮ ਦਾ ਉਪਦੇਸ਼ ਦੇ ਕੇ ਸੰਤ ਸਜਾਏ ਨੇ !
ਤਾਹੀਏ ਤੇ 'ਤਰੰਗ' ਅੱਜ ਖਿੜੀ ਗੁਲਜ਼ਾਰ ਸਾਰੇ,
ਆਕਾਸ਼ ਵਿਚੋਂ ਦੇਵਾਂ ਇਹ ਫੁਲ ਬਰਸਾਏ ਨੇ !

["ਤਰੰਗ"

Sri Satguru Jagjit Singh Ji Elibrary NamdhariElibrary@gmail.com

ਪਵਿਤਰ ਹੁਕਮਨਾਮਾ

੧ ੴ ਸਤਿਗੁਰ ਪ੍ਰਸਾਦਿ !

ਲਿਖਤੁਮ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ, ਅਗੇ ਸਰਬ ਉਪਮਾ ਸੰਬੂਹ ਸੰਗਤ ਕੋ ਹਥ ਜੋੜ ਕਰ ਫਤੇ ਬੁਲਾਈ ਪ੍ਰਮਾਨ ਕਰਨੀ ਜੀ, ਅਰ ਮਾਈਆਂ ਬੀਬੀਆਂ ਕੋ ਰਾਮ ਸਤਿ ਬੁਲਾਈ ਬਚਣੀ ਬਹੁਤ ਕਰਕੇ, ਹੋਰ ਜੀ ਅਸੀਂ ਹਰਿ ਤਰਾਂ ਸੇ ਸੁਖੀ ਅਨੰਦ ਹੈ. ਸੰਗਤ ਨੂੰ ਗੁਰੂ ਸੁਖੀ ਅਨੰਦ ਰਖੇ ਹਮੇਸ਼ਾ ਗੁਰੂ ਜੀ ਪਾਸੋਂ ਇਹੁ ਮੰਗਦੇ ਹਾਂ, ਹੋਰ ਬਹੁਤ ਸੁਖ ਹੈ, ਪਰ ਇਕ ਦੁਖ ਸਾਨੂੰ ਸੰਗਤਿ ਦੇ ਵਿਛੜ ਦਾ ਹੈ ਸ ਜਦ ਗੁਰੂ ਜੀ ਦਾ ਹੁਕਮ ਹੋਊਗਾ ਤਾ ਏਹੁ ਭੀ ਦੁਖ ਤੁਰਤ ਹੀ ਕਟਿਆ ਜਾਊਗਾ, ਸਭ ਕਿਛ ਗੁਰੂ ਜੀ ਦੇ ਹੁਕਮ ਵਿਚ ਹੈ, ਸਾਡੇ ਮਨ ਵਿੱਚ ਕਿਵੇਂ ਹੋਵੈ, ਗੁਰੂ ਸਦਾ ਦਿਆਲੂ ਹੈ, ਹੋਰ ਜੋ ਸਾਰੀ ਸੰਗਤ ਦੇ ਨਾਉਂ ਤੇ ਗਾਉਂ ਲਿਖਣੇ ਮ ਕਾਗਦ ਬਹੁਤ ਵਧ ਜਾਦਾ ਹੈ, ਸਾਰੀ ਸੰਗਤ ਨੇ ਇਹੁ ਹਰਿਦਾਸ, ਸੁਣ ਲੈਣਾ, ਜੋ ਇਸ ਮੇਂ ਲਿਖਾ ਹੈ, ਸਭ ਨੇ ਕਰਨਾ, ਇਕ ਤਾ ਪਿਛਾ ਰਾਤ ਇਸਨਾਨ ਕਰਨਾ, ਬਾਣੀ ਪੜ੍ਹਨੀ, ਭਜਨ ਕਰਨਾ ਵੇਹਲੇ ਨੇ ਵੀ, ਤੇ ਕਮ ਵਾਲੇ ਨੇ ਬੀ, ਜਿਤਨਾ ਬਣਿ

Sri Satguru Jagjit Singh Ji Elibrary NamdhariElibrary@gmail.com

ਆਵੇ, ਅਰ ਜਿਤਨਾਂ ਸਰੇ ਥੋੜਾ ਬਹੁਤਾ ਪੁੰਨ ਬੀ ਕਰਨਾ ਰੋਜ ਜਥਾ ਸਕਤਿ, ਅਰ ਲੜਕੇ ਲੜਕੀਆਂ ਨੂ ਅਖਰ ਪੜ੍ਹਵਣੇ ਪਹਿਲਾ ਹੋਛ ਔਦੀ ਦੇ ਨਾਲ, ਜਿਸਦੇ ਕੰਠ ਨ ਹੋਵੇ ਬਾਣੀ, ਓਸ ਨੇ ਕੰਠ ਕਰ ਲੈਣੀ ਜਰੂਰ, ਜਿਤਨੀ ਹੋਇ ਸਕੇ, ਅਰ ਬਗਾਨੇ ਪਦਾਰਥ ਤੇ ਬਹੁਤ ਕਰਕੇ ਹਰਿ ਤਰ੍ਹਾ ਕਰਕੇ ਬਚਣਾ ਗੁਰੂ ਸਾਹਿਬ ਜੀ ਨੇ ਸੂਰ ਗਾਇ ਲਿਖਾ ਹੈ, ਬਗਾਨੇ ਪਦਾਰਥ ਨੂੰ, ਅਗੇ ਤੁਸੀਂ ਜਾਣੋਂ, ਗੁਰੂ ਜੀ ਦਾ ਈ ਹਕਮ ਹੈ, ਏਹ ਜੋ ਮੈਂ ਲਿਖਾ ਹੈ, ਗੁਰੂ ਸਾਹਿਬ ਅਗੇ ਹਥ ਜੋੜ ਕੇ ਬੇਨਤੀ ਕਰਕੇ ਹਮੇਸਾ ਨਾਮ, ਦਾਨ, ਇਸ਼ਨਾਨ, ਸਿਦਕ, ਭਰੋਸ; ਗੁਰਮਤਿ ਦਾਨ ਮੰਗਣਾ, ਹਮੇਸਾ ਇਹ ਭੀ ਮੰਗਣਾ, ਹੇ ਮਹਾਰਾਜ, ਬੇ-ਸਿਦਕੀਓ, ਬੇ ਮੁਖੀਓ ਰਖ ਲਈ, ਤੇਰੀ ਸਰਨਿ ਹੈ, ਅਸੀਂ ਜੀ ਭੁਲਣ ਹਾਰ ਹਾਂ, ਤੇਰਾ ਬਿਰਦ ਪਤਿਤ ਪਾਵਨ ਹੈ, ਅਗੇ ਗੁਰੂ ਬਖਸਿੰਦ ਹੈ, ਜੋ ਸਰਨਿ ਪਏ ਤਿਸ ਕੀ ਲਾਜ ਰਖਦਾ ਹੈ ਜੀ !

ਬਸੰਤ--ਆਗਮਨ

[ਸ਼੍ਰੀ ਪ੍ਰਤਾਪ ਸਿੰਘ ਜੀ ਵੈਦਰਾਜ ਕਾਉਂਕੇ

ਦੇਖੋ ਰੀ ਸਖੀ ! ਕੈਸੀ ਆਈ ਹੈ ਬਸੰਤ ਰਿਤੁ,
ਬ੍ਰਿੰਦਨਰਨਾਰ ਆਜ ਫੂਲ ਨਾ ਸਮਾਤ ਹੈ।
ਦੇਵ ਬਧੂ ਕਿੰਨਰ, ਗੰਧ੍ਰਬ ਬਜਾਏ ਸਾਜ,
ਗਗਨ ਸੇ ਦੇਵ ਪੁਸ਼ਪ ਬਰਸਾਤ ਹੈ।
ਕੋਕਲ, ਕਪੋਤ ਮੋਰ ਬੋਲਤ ਪਪੀਹੇ ਬੈਨ,
ਮੀਠੇ ਮੀਠੇ ਰਾਗ ਕਿਸ ਲੀਏ ਗੀਹੀ ਗਾਤ ਹੈ ?
ਅਹੋ ਸਖੀ ! ਗੁਰੂ ਰਾਮ ਹਰਿ ਅਵਤਾਰ ਲੀਨੋ,
ਚੀਨੀ ਵਾਲੇ ਗੁਰੂ ਕਾ ਯਹ ਦਿਵਸ ਮਨਾਤ ਹੈਂ।

Sri Satguru Jagjit Singh Ji Elibrary NamdhariElibrary@gmail.com

"ਐਸਾ ਬੇਢੀ ਬਰਨਿ ਨ ਸਾਕਉ"

(ਵਲੋਂ:-ਸ੍ਰੀਮਾਨ ਡਾਕਟਰ ਤ੍ਰਿਲੋਕ ਸਿੰਘ ਜੀ ਸੰਤ ਨਗਰ)

ਸਤਿਗੁਰਨ ਕੇ ਸਿਰਮੌਰ ਗੁਰੂਆਂ ਸਿਰ ਗੁਰੂ ਦਵਾ ਦਸ ਗੁਰਿੰਦ ਨੇ ਸਰੂਪ ਰਾਈਆਂ ਪਿੰਡ ਜਿ: ਲੁਧਿਆਣਾ ਸਤਿਲੁਜ ਦੇ ਕਿਨਾਰੇ ਆਪਣੇ ਪ੍ਰਕਾਸ਼ ਸਮੇਂ ਅਸਚਰਜ ਅਨੋਖੇ ਤੇ ਅਪੂਰਬ ਰੰਗ ਵਿਚ ਪ੍ਰਗਟਾਇਆ ਸੀ, ਸ੍ਰੀ ਬਾਬਾ ਜੱਸਾ ਸਿੰਘ ਜੀ ਦੇ ਗ੍ਰਿਹਿ ਨੂੰ ਸਗਲ ਭਵਨ ਵਿਚ ਪ੍ਰਗਟ ਕਰਨ ਲਈ ਆਪਣ ਚਰਨ ਪਾਣ ਤੋਂ ਪੇਹਲਾਂ ਹੀ

"ਆਦਿ ਪੁਰਖ ਅਟੈ ਅਬਕਾਰਾ"

"ਪ੍ਰਭੁ ਜਨਮ ਮਰਨ ਬਿਹੀਨ"

"ਅਜੂਨੀ ਸੈਭੰ"

'ਚਰਨ ਸਰਨ ਜਿਹ ਬਸਤ ਭਵਾਨੀ" ਜਿਨ੍ਹਾਂ ੨ ਦਰਸ਼ਨ ਕੀਤੇ। ਅਚਰਜ ਰੂਪ ਦੇ ਦੀਦਾਰ ਕਰਕੇ ਅਚਰਜ ਰਹਿ ਗਏ। ਦਾਈ ਨੇ ਅਪੂਰਬ ਤੇ

'ਆਦਿ ਪੁਰਖ ਅਬਗਤ ਅਬਿਨਾਸੀ' ਦਾਂ ਦਰਸ਼ਨ ਕਰਕੇ ਜਨਮ ਸਫਲਾ ਕੀਆ ਅਨੇਕਾਂ ਹੀ ਬਾਲ ਲੀਲ੍ਹਾਂ ਰਚੀਆਂ ਯੁਵਾ ਅਵਸਥਾ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਨੌਕਰੀ ਵਾਲੀ ਮੌਜ ਆ ਬਣਾਈ ਦਵਾਪਰ ਜੁਗ ਵਿਚ ਗਊਆਂ ਦੇ ਵਾਗੀ ਆ ਬਣੇ ਸੀ ਪੇਹਲੇ ਜਾਮੇ ਸੁਲਤਾਨ ਪੁਰ ਮੋਦੀ ਬਣਕੇ ਅਖੇਲ ਖੇਲ ਖੇਲਦੇ ਰਹੇ ਸਨ, ਜਿਸ ਫੌਜ ਵਿਚ ਜਾਕੇ ਚਰਨ ਪਾਏ।" ਚੰਦਨ ਨਿਕਟ ਸਭ ਚੰਦਨ ਹਈਆ' ਫੌਜ ਹੀ 'ਭਗਤਾਂ ਦੀ ਫੌਜ' ਬਣ ਗਈ। ਸੁਤੇ ਸੁਭਾਵ ਹੀ 'ਰਤਨ ਲੁਕਾਇਆ ਲੁਕੈ ਨਾਹੀ ਜੇ ਕੋ ਰਖੈ ਲੁਕਾਈ' ਸੂਰਜ ਨਿਕਲਿਆਂ ਕਿਵੇਂ ਛਿਪ ਜਾਂਦਾ। ਮਸਤਾਨਾ ਰੰਗਣ ਵਿਚ ਸਮਾ ਬੀਤਣ ਲਗਾ ਤਾਂ ਸਾਰੀਆਂ ਫੌਜਾਂ ਵਿਚ ਨਾਮ ਮਸਤਾਨਾ ਪੈ ਗਿਆ। ਮਸਤਾਨੀ ਮੌਜ ਵਿਚ ਹੀ ਵਡੇ ਤੋਂ ਲੈਕੇ ਛੋਟੇ ਤਕ ਸਭ ਨੇ ਸੱਚ ਦੇ ਸੂਰਜ ਦੇ ਦੀਦਾਰ ਪਾਕੇ ਸਚੇ ਪ੍ਰਕਾਸ਼ ਤੇ ਸਚੀ ਪਰਤਾਪ ਨੂੰ ਡਿਠਾ

'ਬਰਨ ਨ ਸਾਕਉਂ ਤੁਮਰੇ ਰੰਗਾ
ਗੁਣ ਨਿਧਾਨ ਸੁਖ ਦਾਤੇ'

ਜਿਸਨੋ ਤੂ ਜਾਣਾਇਹ ਸੋਈ ਜਨ ਜਾਣੈ ਜਦੋਂ ਸ੍ਰਦਾਰ ਦੇ ਨੌਕਰ ਨੇ ਡਿਠਾ ਕਿ ਲੋਹ ਮਸਤਾਨੇ ਵਲੋਂ ਅਧੀ ਸੋਨੇ ਦੀ ਹੋ ਗਈ, ਜਾ ਦਸਿਆ ਸਰਦਾਰ ਨੂੰ ਕਿ ਮਸਤਾਨੇ ਦੀ ਛੋਟੀ ਸਵਰਨ ਦੀ ਲੋਹ ਤੇ ਪਕਦੀ ਹੈ। ਹਕੂਮਤ ਦੇ ਨਸ਼ੇ ਵਿਚ ਮਹਾਰਾਜੇ ਨੌ ਨਿਹਾਲ ਸਿੰਘ ਨੇ ਬਿਸੰਭਰ ਬਿਸੁਨਾਥ ਜੀ ਨੂੰ ਬੰਦੀ ਖਾਨੇ ਵਿਚ ਦੇ ਦਿਤਾ ਤਾਂ ਆਪਣੇ ਬਾਲ ਨੂੰ ਛਤੀਹ ਪਰਕਾਰ ਦੇ ਭੋਜਨਾਂ ਵਿਚ ਕਿਰਮਾਂ ਨਾਲ ਭਰਪੂਰ ਡਿਠਾ, ਹਾਰ ਖਾਧੀ। ਸ੍ਰੀ ਗ੍ਰੰਥ ਸਾਹਿਬ ਨੂੰ ਅੱਗ ਵਿਚ ਰਖਕੇ ਬਚਨ ਕੀਤਾ 'ਬਸ ਹੋਰ ਬਾਣੀ ਨਹੀਂ ਉਚਾਰਨੀ ਖਾਲਸਈ ਫੌਜਾਂ ਨੂੰ ਅੰਗਰੇਜ਼ਾਂ ਦੇ ਮੁਕਾਬਲੇ ਵਿਚ ਜਾਣ ਸਮੇਂ 'ਸੱਚ ਸੁਣਾਇਸੀ ਸਚ ਕੀ ਬੇਲਾ' ਉਚਾਰਦੇ ਹੋਏ ਬਚਨ ਕੀਆ -ਤੁਸੀ ਮਲੇਛ ਹੋ ਗਏ ਹੋ, ਤੁਹਾਡੀ ਹਾਰ ਹੋਵੇਗੀ। ਰੰਗ ਵਿਚ ਆਕੇ ਆਪਣੀ ਬੰਦੂਕ ਦਰਯਾ ਵਿਚ ਵਗਾਹ ਮਾਰੀ ਸਮਸਤ ਖਾਲਸੇ ਨੂੰ ਆਪਣੇ ਅਛੇ ਅਖੰਡ ਰੂਪ ਦਾ ਦਰਸ਼ਨ ਲਾਲੋ ਲਾਲ ਕੋਲਿਆਂ ਦ ਪ੍ਰਜੁਲਤ ਅਗਨੀ ਕੁੰਡ ਵਿਚ ਰਖਕੇ ਆਪਣਾ ਸਰੂਪ ਦਰਸਾਇਆ ਤਾਕਿ ਸਭ ਜਾਣ ਲੈਣ, ਕਿ ਜ਼ਮੀਨ ਜ਼ਮਾਨ ਕੇ ਬਿਖੇ ਸਮਸਤ ਏਕ ਰੂਪ ਹੈ ਨ ਘਾਟ ਹੈ ਨ ਬਢ ਹੈ ਨ ਘਾਟ ਬਾਢ ਹੋਤ ਹੈ। ਨ ਜਾਨ ਹੈ ਨ ਬਾਨ ਹੈ ਸਮਾਨ ਰੂਪ ਜਾਨੀਐ। ਮਕੀਨ ਔ ਮਕਾਨ ਅਪ੍ਰਮਾਨ ਤੇਜ ਮਾਨੀਐ। ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਦੀਦਾਰ ਕਰਨ ਗਏ ਤਾਂ ਸ੍ਰੀ ਕਲਗੀਧਰ ਪਾਤਸ਼ਾਹ ਦੇ ਬਖਸ਼ੇ ਨਾਮ ਬਾਣੀ ਭਗਤ ਭੰਡਾਰ ਦੇ ਭਰਪੂਰ ਅਮੋਲ ਖਜ਼ਾਨੇ ਲੈਕੇ ਵਾਪਸ ਆਏ। ਗੁਰ ਬਾਲਕ ਸਿੰਘ ਜੀਨੇ ਨਾਮ ਭੰਡਾਰੇ ਦੀਆਂ ਕੁੰਜੀਆਂ ਬਖਸ਼ਕੇ ਪੰਜ ਪੈਸੇ ਨਰੇਲ ਰਖਕੇ ਨਮਸਕਾਰ ਕਰਕੇ ਸਭ ਠਕੁਰਾਈ ਅਰਪਣ ਕਰਕੇ ਠਾਕੁਰ ਜੀ ਨੂੰ ਪੂਜ ਚੜ੍ਹਾਈ। ਔਂਦਿਆਂ ਹੀ

Sri Satguru Jagjit Singh Ji Elibrary NamdhariElibrary@gmail.com

ਨਾਮ ਬਾਣੀ ਅਨ ਪਦਾਰਥ ਦਾ ਲੰਗਰ ਮ੍ਰੀ ਭੈਣੀ ਸਾਹਿਬ ਵਿਚ ਖੋਲ੍ਹ ਭੰਡਾਰ ਦਿਤੇ। ਗੁਰੂਗੋਬਿੰਦ ਸਿੰਘ ਦੀ ਫੁਲਵਾੜੀ ਰਾਜ ਭਾਗ ਦੇ ਮਦ ਵਿਚ ਰੁੜ ਚੁੱਕੀ ਹੋਈ ਧਰਮ ਕਰਮੋ ਸਖਣੀ ਹੋਈ ਸੁਕਦੀ ਅੰਮ੍ਰਿਤ ਸਿੰਚ ੨ ਸੁਰਜੀਤ ਕਰਨਾ ਅਰੰਭਿਆ ਸੰਤ ਖਾਲਸੇ ਦੀ ਨੀਂਹ ਰਖੀ ਦਸਮ ਰੂਪ ਦੀ ਸਰਬ ਰੀਤੀ ਨੂੰ ਨਵਾਂ ਜੋਬਨ ਰੂਪ ਵਿਚ ਆਦਿ ਰੀਤੀ ਪਰਗਟ ਕੀਤੀ, ਮਾਸ ਸ਼ਰਾਬ ਵਿਚ ਗਾਏ ਗੁਜ਼ਰੇ ਗਰਕ ਗਏ ਸਿਖਾਂ ਨੂੰ ਹੋਸ਼ ਵਿਚ ਆਂਦਾ ਨਾਮ ਦਾ ਭੰਡਾਰ ਲਗਾ ਵਰਤਣ। ਇਨੇ ਨੂੰ ਖਾਲਸਈ ਰਾਜ ਬਦਲਕੇ ਗੋਰਸ਼ਾਹੀ ਦਾ ਜਾਲ ਵਿਛ ਚੁਕਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਕੋਟਾਨ ਸੂਰਜ ਵਤ ਪਰਕਾਸ਼ ਨੂੰ ਅੰਗ੍ਰੇਜ਼ ਰੂਪ ਉਲੂ ਬਰਦਾਸ਼ਤ ਨ ਕਰ ਸਕਿਆ। ਧਰਮ ਧਜਾ ਲਹਿਰਾਣ ਲਗੀ। ਧਰਮ ਤੇ ਅਧਰਮ ਦਾ ਟਾਕਰਾ ਮੁਕਾਬਲੇ ਵਿਚ ਆਇਆ ਤਕਰੀਬਨ ੭ ਲੱਖ ਪ੍ਰਾਣੀ ਗੁਰੂ ਜੀਦੇ ਨਾਮ ਭੰਡਾਰੇ ਵਿਚ ਅੰਮ੍ਰਿਤ ਭੋਜਨ ਪਾਕੇ ਅਮਰ ਹੋ ਚੁਕੇ ਸੀ।

ਅੰਗ੍ਰੇਜ਼ ਨੂੰ ਰਾਤ ਦਿਨ ਦੇ ਖਟਕੇ ਨੇ ਡੂੰਘੇ ਫਿਕਰ ਵਿਚ ਪਾ ਰਖਿਆ ਸੀ ਗੁਰੂ ਤੋਂ ਖਲਾਸੀ ਹੁੰਦੀ ਜਾਪਦੀ ਨਹੀਂ ਸੀ, ਤਾਂ ਹੇਠ ਲਿਖੀ ਸਕੀਮ ਪੇਟ ਪਾਲੂ ਮਲੇਛਾਂ ਧਰਮ ਵੈਰੀਆਂ ਮਿਲਕੇ ਬਣਾਈ ਜੋ ਕਿ ਸਭ ਭਾਰਤ ਵਰਸ਼ ਤੇ ਲਾਗੂ ਹੋਈ

੧ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਿਆਈ ਪਦ ਸ੍ਰੀ ਗ੍ਰੰਥ ਸਾਹਿਬ ਨੂੰ ਦੇਣਾ ਪਰਗਟ ਕੀਤਾ ਜਾਵੇ।

੨ ਭਵਿਖਤ ਬਾਣੀ ਦੇ ਸਭ ਗ੍ਰੰਥ ਜਿਥੇ ਜਿਥੇ ਹੋਣ ਵਿਗਾੜੇ ਤੇ ਬਦਲੇ ਜਾਣ।

੩ ਧਾਰਮਕ ਅਸਥਾਨ ਤੀਰਥਾਂ ਤੇ ਗੁਪਤ ਸਕੀਮ ਅਨੁਸਾਰ ਸਿਖੀ ਦੇ ਵਿਰੁਧ ਲੁਕਵਾਂ ਮਿਲ ਗੋਭਾ ਪਰਚਾਰ ਸ਼ੁਰੂ ਕੀਤਾ ਜਾਵੇ।

੪ ਗੁਰ ਰੀਤੀ, ਗੁਰ ਮਰਯਾਦਾ ਨੂੰ ਹਿੰਦੂ ਰੀਤੀ ਤੇ ਧਰਮ ਵਿਰੋਧਕ ਪਰਗਟ ਕਰਕੇ ਪਰਚਾਰ ਕੀਤਾ ਜਾਵੇ।

੫ ਖਾਸ ਕਰਕੇ ਦਸਮ ਪਾਤਸਾਹ ਦੀ ਬਾਣੀ ਕਵੀਆਂ ਦੀ ਪੁਰਾਣਕ ਬਾਣੀ ਕਹਿਕੇ ਖਾਲਸੇ ਨੂੰ ਸਕਤ ਹੀਣ ਤੇ ਯਤੀਮ ਬਣਾ ਦਿਤਾ ਜਾਵੇ।

੬ ਅੰਗ੍ਰੇਜ਼ ਨੀਤੀ ਮੁਤਾਬਕ ਮਨ ਮੰਨੀ ਸਿਖੀ ਦੀ ਨੀਂਹ ਪੇਟ ਪਾਲੂ ਸਿਖਾਂ ਦੇ ਦਿਮਾਗ ਖ੍ਰੀਦ ਕੇ ਸਿਖ ਵਿਦਵਾਨਾਂ ਦੇ ਹਥੀਂ ਰਖਵਾਕੇ ਨਵੇਂ ਢੰਗ ਨਵੀ ਸਿਖੀ ਦੇ ਨਵੇਂ ਗ੍ਰੰਥ ਰਚੇ ਜਾਣ।

੭ ਢੋਂਗ ਰਚਿਆ ਜਾਵੇ ਕਿ ਦੇਹ ਵਾਲਾ ਗੁਰੂ, ਗੁਰੂ ਨਹੀ ਹੋ ਸਕਦਾ। ਗੁਰੂ ਗੋਬਿੰਦ ਸਿੰਘ ਜੀ ਅੰਤ ਸਮੇ ਕਹਿ ਗਏ ਹਨ"

ਮੁਕਦੀ ਗਲ ਕੀ ਨਵੇਂ ਫੈਸ਼ਨ ਲਈ ਹਕੂਮਤ ਨਵੀਂ ਸਿਖੀ ਦਾ ਢਾਂਚਾ ਸ੍ਰੀ ਸਤਿਗੁਰੂ ਰਾਮ ਸਿੰਘ ਜੀਦੇ ਵਿਰੁਧ ਵਕਤ ਦੀ ਗੋਰੀ ਹਕੂਮਤ ਨੇ ਜਾਗੀਰਦਾਰਾਂ, ਰਾਜਿਆਂ ਮਹੰਤਾਂ ਸਰਦਾਰਾਂ ਨਾਲ ਮਿਲਕੇ ਬਣਾ ਕਢਿਆ ਜਿਸਦੇ ਜ਼ਹਿਰੀਲੇ ਅਸਰ ਦਾ ਸਿਟਾ ਅਜ ਸਾਡੇ ਸਾਹਮਣੇ ਹੈ। ਅੰਗ੍ਰੇਜ਼ ਅਜ ਟੁਰ ਗਿਆ ਹੈ ਪਰ ਅੰਗ੍ਰੇਜ਼ੀ ਸਿਖੀ ਜ਼ੋਰਾਂ ਤੇ ਹੈ। ਉਹ ਹੀ ਸਮਾਂ ਸੀ ਧਰਮ ਰਖਿਆ ਲਈ ਚੀਨੀ ਵਾਲੇ ਪਾਤਸ਼ਾਹ ਨੇ ਵੇਲੇ ਦੀ ਹਕੂਮਤ ਦੇ ਬਦਨੀਤੀ ਵਿਰੁਧ ਸਕੂਲਾਂ ਡਾਕਖਾਨਿਆਂ ਅਦਾਲਤਾਂ ਦੇ ਬਾਈਕਾਟ ਦਾ ਹੁਕਮ ਖਾਲਸੇ ਨੂੰ ਦਿਤਾ। ਸੰਤ ਖਾਲਸੇ ਤੇ ਸਾਰਾ ਜ਼ੋਰ ਲਾਕੇ ਗਵਰਨਮੈਂਟ ਨੇ ਪਾਬੰਦੀਆਂ ਠੋਕੀਆਂ ਪਰ ਗੁਰੂ ਭਰੋਸੇ ਸਿਖਾਂ ਹਕੂਮਤ ਦੀ ਕੱਖ ਪ੍ਰਵਾਹ ਨ ਕੀਤੀ। ਅੰਗ੍ਰੇਜ਼ ਨੂੰ ਸਿਖੀ ਤੇ ਗੁਰੂ ਨਾਲ ਚਾਰਾ ਨ ਚਲਦਾ ਵੇਖ ਜਦੋਂ ਹੋਰ ਕੋਈ ਰਾਹ ਨ ਦਿਸਿਆ ਤਾ ਵਡੇ ਵਡੇ ਸਿਖ ਸਰਦਾਰਾਂ ਰਾਜਿਆਂ ਮਹੰਤਾਂ ਜਾਗੀਰਦਾਰਾਂ ਤੋਂ ਤਹਰੀਰੀ ਅਪੀਲਾਂ ਲਿਖਵਾਈਆਂ ਕਿ ਇਹ ਗੁਰੂ ਹਕੂਮਤ ਦਾ ਤਖਤਾ ਉਲਟ ਦੇਵੇਗਾ ਇਸ ਲਈ ਸਰਕਾਰ ਜੋ ਚਾਹੇ ਪ੍ਰਬੰਧ ਕਰੇ ਇਸ ਗੰਦੀ ਗੰਦਾਈ ਸਕੀਮ ਅਨੁਸਾਰ ਸਿਖਾਂ ਤੋਂ ਹੀ ਉਹ ਕੰਮ ਕਰਵਾਇਆ ਜੋ ਕਦਾਚਿਤ ਸਿਖ ਨਹੀ ਕਰ ਸਕਦੇ ਸਨ। ਪੁਰਾਤਨ ਸਿਖੀ ਅਰ ਅੰਗ੍ਰੇਜ਼ੀ (ਮੈਕਾਲਫੀ) ਸਿਖੀ ਦੇ ਦਰਮਿਆਨ ਡੂੰਘੀ ਖਲੀਜ ਖੋਦਕੇ ਹਮੇਸਾਂ ਲਈ ਪਾੜਕੇ ਅੰਗ੍ਰੇਜ਼ ਨੇ ਆਪਣਾ ਦਿਲ ਠੰਡਾ ਕਰ ਲਿਆ ਤੇ ਸ੍ਰੀ ਸਤਿਗੁਰੂ ਜੀ ਨੂੰ ਜਲਾਵਤਨ ਕਰਨ ਵਿਚ ਆਪਣੀ ਕਾਮਯਾਬੀ

ਢੂੰਢਣ ਲਗਾ ਚੀਨੀ ਵਾਲੇ ਪਾਤਸ਼ਾਹ ਨੂੰ ਸੂਬੀ ੨ ਸੂਬਿਆਂ ਸਮੇਤ ਜਲਾਵਤਨ ਕਰਕੇ ਰਹਿੰਦੇ ਸਿਖਾਂ ਤੇ ਪਾਬੰਦੀਆਂ ਲਾ ਤੋਪਾਂ ਅਗੇ ਉਡਾ ਉਡਾ ਫਾਂਸੀ ਲਟਕਾਕੇ ਦਿਲੀ ਪਿਆਸ ਬੁਝਾਈ ਤੇ ਬ ਫਿਕਰੀ ਦੀ ਨੀਂਦਰ ਜਿਹੀ ਬਾਹ ਧਰ ਸਿਖੀ ਦਾ ਬੇੜਾ ਕਦ ਸਾਂ ਗਿਆ।

ਸ੍ਰੀ ਹਜ਼ੂਰ ਅਮਿਤ-ਓਜ ਤੇ ਬੇ-ਅੰਤ ਅਟਲ ਪ੍ਰਤਾਪ ਅਬਿਨਾਸ਼ੀ ਅਬਿਗਤ ਸਦਾ ਦਇਆਲ ਮਿਹਰਬਾਨ ਨੂੰ ਦੇਸ਼ ਬਦਰ ਕਰਨ ਪਿਛੋਂ ਅੰਗ੍ਰੇਜ਼ ਨੇ ਸਮਝਿਆ ਕਿ ਹੁਣ ਕੋਈ ਖਤਰਾ ਨਹੀਂ, ਦਿਲੀ ਵਾਲੇ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ ਦੀ ਥਾਂ ਆਪ ਜੀ ਨੂੰ ਰੰਗੂਨ ਦੇ ਕਿਲੇ 'ਚ ਥਾਂ ਦਿਤੀ ਗਈ।

ਸਚੇ ਪਾਤਸ਼ਾਹ ਨੇ ਹੁਕਮਨਾਮੇ ਵਿਚ ਹਸਤ ਕਮਲਾਂ ਨਾਲ ਆਪਣੇ ਲੇਖਣੀ ਤੋਂ ਲਿਖਿਆ ਕਿ ਖਾਲਸਾ! ਗੋਰੇ ਨੂੰ ਮੇਰਾ ਬੈਠੇ ਬੈਠੇ ਦਾ ਭੀ ਕਾਲ ਜਿੰਨਾਂ ਤੇ ਹੈ, ਹੋਵੇ ਭੀ ਕਿਉਂ ਨ ਇਹੋ ਵੇਹ ਉਹ ਚੀਜ਼ ਹੈ। ਜਿਸਨੂੰ ਸ੍ਰੀ ਕਲਗੀਧਰ ਜੀ ਮਹਾਰਾਜ ਨੇ ਆਪ ਆਪਣੀ ਕਲਮ ਨਾਲ:— ਅਜੈ। ਅਲੈ। ਅਭੈ। ਅਬੈ। ਅਭੂ। ਅਜੂ। ਅਨਾਸ। ਅਕਾਸ। ਅਗੰਜ। ਅਭੰਜ। ਅਲੇਖ। ਅਭੇਖ।—ਲਿਖਿਦਿਆਂ ਅਭਗੀ ਬਿਭੂਤੇ ਦਰਜ ਕੀਤਾ ਹੈ, ਗੋਰੀ ਸੁਕਾਰ ਦੇ ਕਰਮਚਾਰੀਆਂ ਸਤਿਗੁਰੂ ਜੀ ਅਚਰਜਗਤੀ ਨੂੰ ਨ ਸਮਝ ਦਿਆਂ ਰੀਰਪੋਟਾਂ ਵਿਚ ਹੈਰਾਨੀ ਏਹਨਾਂ ਅਖਰਾਂ 'ਚ ਪ੍ਰਗਟ ਕੀਤੀ ਹੈ! ਸਮਝ ਨਹੀਂ ਆਉਂਦੀ ਕਿ ਇਕ ਮਾਮੂਲੀ ਅਨਪੜ੍ਹ ਪੇਂਡੂ ਲੋਹਾਰ (ਜਿਸ ਨੂੰ ਇਹ ਕੂਕੇ ਅਕਾਲ ਪੁਰਖ ਗੁਰੂ ਗੋਬਿੰਦ ਸਿੰਘ ਦਾ ਰੂਪ ਮੰਨਦੇ ਹਨ) ਕਿਵੇਂ ਕਾਬਲ ਕਸ਼ਮੀਰ ਪੰਜਾਬ ਨੇਪਾਲ ਭੂਟਨਾ ਬਰਮਾ ਆਦਿ ਦੇਸ ਬਦੇਸ਼ਾਂ ਤਕ ਪ੍ਰਗਟ ਹੋ ਗਿਆ ਹੈ। ਰਾਜੇ ਮਹਾਰਾਜੇ ਇਸਦੇ ਸੇਵਕ ਬਨਣ ਨੂੰ ਆਪਣੀ ਇਜ਼ਤ ਸਮਝਦੇ ਨੇ, ਮਹਾਨ ਪਾਪੀ ਨਰਕਾਂ ਦੀ ਠੇਕੇਦਾਰ ਗੋਰੀ ਸੁਕਾਰ ਨੂੰ ਪਾਪੇ ਦੇ ਪਾਲੇ ਨੇ ਏਨਾਂ ਕੰਬਾਇਆ ਕਿ ਸਤਿਗੁਰੂ ਜੀ ਦੇ ਪਿਛੋਂ ਹਜ਼ੂਰ ਦੇ ਸ਼ਾਹੀ ਖਜ਼ਾਨੇ ਅਰ ਮੈਗਜ਼ੀਨ ਦਾ ਪਤਾ ਕਢਣ ਲਈ ਪ੍ਰਾਣੀ ਹਾਂਡੇ ਤਕ ਮੰਦਰਾਂ ਦੀਆਂ ਨੀਂਹਾਂ ਪੁਟਾ ਪੁਟਾ ਕੇ ਬਰਬਾਦੀ ਕੀਤੀ ਅੱਡੀ ਚੋਟੀ ਦਾ ਸਾਰਾ ਜ਼ੋਰ ਰਾਵਣ ਔਰੰਗੇ ਤੇ ਕੰਸ ਵਾਙੂ ਲਾ ਲਾ ਬੇ-ਅੰਤ ਦੀ ਬੇ ਅੰਤਤਾ ਨੂੰ ਲਭਦੇ ਲਭਦੇ ਹਾਰ ਗਏ।

ਜਿਸਦੇ ਰਾਜ ਵਿਚ ਅਠੇ ਪਹਰ ਸੂਰਜ ਨਹੀਂ ਡੁਬਦਾ ਸੀ, ਲਾ ਲਾ ਕੇ ਪਾਬੰਦੀਆਂ ਨਜ਼ਰ ਬੰਦੀਆਂ ਕਦੇ ਰੰਗੂਨ ਕਦੇ ਮੋਰਮਈ ਕਦੇ ਕਿਧਰ ਸੰਗੀਨਾਂ ਦੇ ਪੈਹਰਿਆ, ਬੇੜੀਆਂ ਲੋਹੇ ਦੇ ਪਿੰਜਰੇ ਤੇ ਆਹਨੀ ਕਿਲਿਆਂ ਚ ਨ ਅਨੰਤ ਸ਼ਕਤੀ ਨੂੰ ਕਾਬੂ 'ਚ ਨ ਰਖ ਸਕੇ ਰਬਾ ਦੇ ਮਾਲਕ ਜਦੋਂ ਸ੍ਵੈ-ਇਛਾ ਨਾਲ ਅਲੋਪ ਹੋ ਗਏ ਤਾਂ ਅੰਗ੍ਰੇਜ਼ ਨੂੰ ਹਾਰਕੇ ਸਤਿਗੁਰੂ ਜੀ ਦੀ ਮੌਤ ਦਾ ਐਲਾਨ ਕਰਨਾ ਪਿਆ, ਜਿਸਦੀ ਸ਼ਾਨ ਵਿਚ ਰੱਬੀ ਬਾਣੀ ਕਹਿੰਦੀ ਹੈ:—

'ਅਟਲ ਰਾਜੇ। ਅਟਲ ਸਾਜੇ।
ਅਖਲ ਧਰਮੰ। ਅਲੱਖ ਕਰਮੰ।'

ਦੁਨੀਆਂ ਵਾਲਿਓ ਨਾਨਕ ਨਾਮ ਲੇਵਾਓ ਤੇ ਕੂਕਿਓ!!! ਅਜ ਓਸ ਅਨੰਤ ਸ਼ਕਤਾਂ ਦੇ ਵਾਲੀ ਗਊ-ਗਰੀਬ ਦੇ ਰਖਯਕ ਸਾਰੇ ਪ੍ਰਿਥਵੀ ਤੇ ਧਰਮ ਵਰਤਾਣ ਦੇ ਜ਼ਿੰਮੇਵਾਰਃ—ਅਕਾਸੀ ਪਾਤਾਲੀ ਨਾਮ ਦੀ ਧੁਨੀ ਗੁੰਜਾਣ ਵਾਲੇ, ਜਲਦੀ ਬਲਦੀ ਪਾਪ ਅਗਨੀ ਨਾਲ ਸੜੀ ਧਰਤ ਨੂੰ ਠੰਢ ਪਾਣ ਵਾਲੇ, ਰਿਸ਼ੀਆਂ ਮਨੀਆਂ ਦੇ ਸਹਾਰੇ ਪਾਪੀ ਹਤਿਆਰੇ ਬ-ਮਖਾਂ ਦੇ ਸਵਾਰਥੀ ਕਲਜੁਗ ਨੂੰ ਤਾਰਨ ਹਾਰ, ਪੂਰਬ ਤੇ ਪੱਛੋਂ ਉਦੇ ਤੋਂ ਅਸਤ ਤੀਕ ਪਸੂ ਪੰਛੀ ਚਰਾਂ ਚਰ ਤੋਂ ਵਾਹੁ ਵਾਹੁ ਜਪਾਣ ਵਾਲੇ, ਤੇਜ ਪੁੰਜ ਅਪ੍ਰਮਾਨ ਪ੍ਰਭਾ ਤਾਰ ਪ੍ਰਮਾਨ ਉਥਾਨ ਧੁਜਾ ਲੇਖ ਭੇਵ ਅਭੇਵ ਭਾਸਾ ਵਧਾ ਰਹੇ। ਜਗ ਪਾਪ ਸਮੂਹ ਬਿਨਾਸਨ ਕਓ ਕਲਕੀ ਕਲ ਧਰਮ ਚਲਾਵਨ ਹਾਰ, ਭਵਭੂਤ ਭਵਿਖ ਭਵਾਨ ਸਦਾ ਸਭ ਠਉਰ ਸਬੈ ਠਹਿਰਾਵਨ ਹਾਰ, ਜਿਸਦੀ ਮਹਿਮਾ ਸੇਸ ਸੁਰੇਸ ਗਨੇਸ਼ ਨਿਸ਼ੇਸ਼ ਜਸ ਗਾ ਰਹੇ ਨੇ ਦਾ ਆਗਮਨ ਹੈ। ਸੰਸਾਰ ਨੂੰ ਸੁਖੀ ਵੇਖਣ ਦੇ ਚਾਹਵਾਨੋਂ! ਆਓ, ਅਸੀਂ ਓਸ ਸਤਿਗੁਰ ਦੀ ਵਰ੍ਹੇ ਗੰਢ ਮਨਾਈਏ ਤੇ ਰਲ-ਮਿਲ ਘੁਲ-ਮਿਲ ਇਕ ਦੂਏ ਨੂੰ ਵਧਾਈਆਂ ਦੇਈਏ!!

ਚੀਨੀ ਵਾਲਾ !

ਵਲੋਂ-ਮਾ: ਨਿਹਾਲ ਸਿੰਘ ਸ੍ਰੀ ਜੀਵਨ ਨਗਰ

ਸਰਦਾਰ ਜੀ! ਕਲਿਜੁਗ !! ਅਨ੍ਹੇਰ !!! ਸੰਸਾਰ ਤਾਂ ਰੁੜਨ ਤੇ ਆ ਗਿਆ ਏ—ਸ: ਮੰਗਲ ਸਿੰਘ ਬਿਰਧ ਪ੍ਰਗੀਏ ਨੂੰ ਇਹ ਸ਼ਬਦ ਵਡੀ ਹਵੇਲੀ ਦੇ ਸਾਮਣੇ ਦੇ ਤਖਤ ਪੋਸ਼ ਤੇ ਬੈਠੇ ਨੂੰ ਉਨ੍ਹਾਂ ਦੇ ਟਹਿਲੂਏ, ਭਗਤੇ ਚਮਾਰ ਨੇ ਕਹੇ।

ਸ: ਮੰਗਲ ਸਿੰਘ:—ਕੀ ਗਲ ਏ? ਜ਼ਰਾ ਖੋਲ ਕੇ ਕਹੁ।

ਭਗਤਾ:—ਸਰਦਾਰ ਜੀ, ਜ਼ਮੀਨਾਂ ਸਿੰਗ ਮਿਟੀ ਚਾ ਲਈਏ। ਠੰਡੀਆਂ ਦੁਧੀਂ ਫੂਕਾਂ ਮਾਰ ਰਹੇ ਹਨ,

ਸ: ਮੰਗਲ ਸਿੰਘ:—ਪਤਾ ਵੀ ਲਗੇ ਕਿ ਐਵੇਂ ਵਾਹਵੀਆਂ ਟੇਡੀਆਂ ਮਾਰੀ ਜਾਏਗਾ॥

ਭਗਤਾ:—ਸਰਦਾਰ ਸਾਹਿਬ! ਤੁਹਾਨੂੰ ਇਨ੍ਹਾਂ ਗਲਾਂ ਨਾਲ ਕੀ ਲਗੇ! ਤੁਹਾਨੂੰ ਰੱਬ ਨੇ ਸਭ ਕੁਝ ਦਿਤਾ ਏ ਤੁਸੀਂ ਰਜਕੇ ਸਵੋ, ਰੱਜਕੇ ਉਠੋ, ਮਤ ਤਾਂ ਉਨ੍ਹਾਂ ਦੀ ਮਾਰੀ ਹੋਈ ਏ, ਜਿਹੜੇ ਹਮਾਤੜ ਨਾਲੇ ਘਰੋਂ ਦੇਂਦੇ ਨੇ, ਨਾਲੇ ਨੱਕ ਰਗੜਦੇ ਨੇ।

ਸ: ਬਕੇਗਾ ਵੀ? ਕੁਝ ਪੱਲੇ ਪੈਣ ਦੇਵੇਗਾ ਕਿ ਨਹੀਂ?

ਟਹਿਲੂਆ:-ਤਰਖਾਣ! ਤਰਖਾਣ! ਤਰਖਾਣ ਗੁਰੂ ਭੈਣੀ ਵਿਚ!! ਧਨਯ ਸਤਿਗੁਰੂ !! ਧੰਨਯ ਸਤਿਗੁਰੂ !! ਧੰਨਯ ਸਤਿਗੁਰੂ !! ਕਹਿ-ਦਿਆਂ ਮਰਦ ਜ਼ਨਾਨੇ ਨਠੇ ਜਾਂਦੇ ਨੇ। ਕੋਈ ਕਹਿੰਦਾ ਹੈ ਇਹ ਰੱਬ ਏ। ਕੋਈ ਕਹਿੰਦਾ ਏ, ਗੁਰੂ ਨਾਨਕ ਏ। ਮੂਰਖ ਲੋਕੀ! ਭੇਡਾ ਚਾਲ !!

ਦੂਜਾ ਟਹਿਲੂਆ (ਘੋੜੀ ਨੂੰ ਮਾਲਿਸ਼ ਕਰ-ਦਿਆਂ) ਆਹੋ ਸਰਦਾਰ ਜੀ! ਸੁਣਿਆ ਤਾਂ ਮੈਂ ਵੀ ਏਵੇਂ ਏ। ਏਸ ਗੁਰੂ ਦੀ ਚਰਚਾ ਆਮ ਏ। ਮੈਨੂੰ ਤਾਂ ਇਹ ਵੀ ਪਤਾ ਲਗਾ ਏ, ਕਿ ਉਹਦੇ ਸਾਮ੍ਹਣੇ ਜੋ ਜਾਂਦਾ ਏ, ਉਹ ਹੀ ਫਸ ਜਾਂਦਾ ਏ। ਬੜਾ ਕਰਾਮਾਤੀ ਏ।

ਸ:—ਹਾਂ ਭਾਈ! ਤੁਹਾਡੀਆਂ ਗਲਾਂ ਕੂੜ ਨਹੀਂ ਜਾਪਦੀਆਂ ਜੋ ਭਗਤੇ ਆਖਿਆ ਹੈ ਠੀਕ ਮੈਂ ਵੀ ਸੁਣਿਆ ਹੈ। ਪਰ ਐਵੇਂ ਅਫਵਾਹਾਂ ਤਾਂ ਨਹੀਂ? ਲੋਕਾਂ ਦੀ ਆਦਤ ਹੈ, ਕਿ ਉਹ ਖੰਭਾਂ ਦੀਆਂ ਡਾਰਾਂ ਤੇ ਰਾਈ ਦਾ ਪਹਾੜ ਬਨਾ ਦੇਂਦੇ ਹਨ।

ਭਗਤਾ:—ਨਹੀਂ! ਨਹੀਂ!! ਸਰਦਾਰ ਜੀ! ਜੋ ਮੈਂ ਕਿਹਾ ਏ, ਏਹ ਸੋਲਾਂ ਆਨੇ ਠੀਕ ਆਖਿਆ ਏ। ਜੇ ਇਸ ਵਿਚ ਰਤੀ ਭਰ ਕੂੜ ਹੋਵੇ ਤਾਂ ਮੇਰਾ ਨੱਕ ਵਢ ਦੇਣਾ। ਭੋਲੇ ਲੋਕੀ ਜਾਂਦੇ ਹਨ, ਫਸ ਜਾਂਦੇ ਹਨ।

ਸ: ਮੰਗਲ ਸਿੰਘ:-ਜਬ ਤਾਈਂ ਨ ਦੇਖੀਏ ਆਪਣੀ ਨੈਣੀ, ਤਬ ਤਾਈ ਨ ਪਤੀਜੀਏ ਗੁਰ ਕੀ ਬੈਣੀ। ਜੇ ਇਹ ਠੀਕ ਹੋਵੇ ਤਾਂ ਇਸ ਜਾਲ ਨੂੰ ਤੋੜਨਾ ਚਾਹੀਦਾ ਹੈ। ਭੋਲੇ ਲੋਕਾਂ ਨੂੰ ਬਚਾਉਣਾ ਚਾਹੀਦਾ ਹੈ, ਇਹ ਤਾਂ ਬੜਾ ਪੁੰਨ ਹੈ॥ ਘੋੜੀ ਅਗੇ ਮੱਖਣ ਰਖਦਿਆਂ ਦੂਜਾ

ਟਹਿਲੂਆ:—ਜੇ ਸਰਦਾਰ ਜੀ ਤੁਸੀਂ ਇਸ ਪਾਖੰਡ ਨੂੰ ਰੋਕੋ, ਤਾਂ ਹੋਰ ਚਾਹੀਦਾ ਕੀ ਏ। ਤੁਸੀਂ ਇਸ ਨੂੰ ਠੱਲ ਪਾ ਸਕਦੇ ਹੋ।

ਸ:—ਚੰਗਾ ਭਾਈ! ਕਲ ਨੂੰ ਚਲੀਏ ਤੇ ਵੇਖੀਏ ਤੇ ਸਹੀ ਉਸ ਤਰਖਾਣ ਵਿਚ ਕੀ ਵਾਧਾ ਏ। ਇਕ ਵੇਰੀ ਤਾਂ ਦੁਧ ਦਾ ਦੁਧ ਤੇ ਪਾਣੀ ਦਾ ਪਾਣੀ ਨਖੇੜ ਦਿਆਂਗਾ।

Sri Satguru Jagjit Singh Ji Elibrary NamdhariElibrary@gmail.com

ਭਗਤਾਃ—(ਇਕ ਮਸਤਾਨੇ ਨੂੰ ਲੰਘਦਾ ਵੇਖ, ਸੁਦਾਰ ਜੀ! ਸੁਦਾਰ ਜੀ!! ਉਹ ਕਮਲਾ ਜੇਹਾ ਉਸਦਾ ਇਕ ਚੇਲਾ ਜਾਂਦਾ ਜੇ। ਉਸ ਨੂੰ ਵੇਖ ਲਵੋ। ਕਝ ਉਸਤੋਂ ਵੀ ਪੁਛ ਲਵੋਂ। ਭਾਈ! ਭਾਈ!! ਜਰਾ ਏਧਰੋਂ ਦੀ ਲੰਘਦਾ ਜਾ।

ਮਸਤਾਨਾਃ—ਉਚੀ ਉਚੀ ਪੜਦਾ ਏਃ—

ਉਨ੍ਹਾ ਦਾ ਜਨਮ ਮਰਨ ਹੈ ਦੂਰ,
ਜਿਨ੍ਹਾ ਨੇ ਦਰਸ਼ਨ ਪਾ ਲਏ ਨੇ।
ਉਨ੍ਹਾਂ ਜਨਮ ਮਰਨ.........
ਜਿਨ੍ਹਾ ਨੇ ਦਰਸ਼ਨ ਪਾ ਲਏ ਨੇ,
ਜਿਨ੍ਹਾ ਨੇ ਨੈਨ ਲਗਾ ਲਏ ਨੇ।
ਉਨ੍ਹਾ ਦਾ ਜਨਮ.........
ਗੁਰੂ ਰਾਮ ਸਿੰਘ ਪੂਰਾ, ਦੁਖਾਂ ਦਾ ਕਰਦਾ ਚੂਰਾ ੨।
ਉਹ ਉਣਿਆਂ ਨੂੰ ਕਰਦਾ ਪੂਰਾ,
ਜਿਹੜੇ ਸ਼ਰਨੀ ਆ ਗਏ ਨੇ।
ਉਨ੍ਹਾ ਦਾ ਜਨਮ ਮਰਨ........

ਸ੍ਰਃ ਮੋਂਗਲ ਸਿੰਘਃ—ਭਾਈ ਸਿਖਾ! ਤੂੰ ਵੀ ਤਰਖਾਣ ਦਾ ਸਿਖ ਏ?

ਮਸਤਾਨਾਃ—(ਮਸਤਾਨੀ ਦਸ਼ਾ ਵਿਚ) ਹਾਂ ਸੁਦਾਰਾ ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਿਖ ਹਾਂ। ਮੇਰੇ ਧੰਨ ਭਾਗ! ਮੇਰੀ ਸੁਤੀ ਕਿਸਮਤ ਜਾਗ ਪਈ ਜਦੋ ਮੈਂ ਉਸ ਤਰਖਾਣ ਗੁਰੂ ਦੇ ਦਰਸ਼ਨ ਕੀਤੇ। ਮੇਰੇ ਖੋਟੇ ਕਰਮ ਭਸਮ ਹੋ ਗਏ। ਮੇਰਾ ਕੋੜ ਦੂਰ ਹੋ ਗਿਆ, ਮੇਰੇ ਸਰੀਰ ਵਿਚੋਂ ਗੰਦ ਮੰਦ ਨਿਕਲ ਗਿਆ, ਮੈਂ ਇਤਨਾ ਵਿਭਚਾਰੀ ਤੇ ਮੰਦ ਕਰਮੀ ਸਾਂ ਕਿ ਧਰਮਰਾਜ ਵੀ ਮੈਨੂੰ ਦੁਰੋ ਦੁਰਕਾਰਦਿਆਂ ਨਰਕੀਂ ਪਾਉਣ ਵਾਸਤੇ ਜਮਦੂਤਾਂ ਨੂੰ ਕਹਿਣਾ ਸੀ, ਮਗਰ ਮੈਨੂੰ ਇਸ ਗੁਰੂ ਦੇ ਦਰਸ਼ਨਾਂ ਨੇ ਵੱਸੇ ਬਦਲ ਨਾਲੋਂ ਵੀ ਹੌਲਾ ਕਰ ਦਿਤਾ। ਪੌਣ ਮੇਰਾ ਮੁਕਾਬਲਾ ਨਹੀਂ ਕਰ ਸਕਦੀ। ਇਹ ਮੇਰੇ ਇਸੇ ਗੁਰੂ ਦੀ ਕ੍ਰਿਪਾ ਹੈ, ਜਿਸਨੂੰ ਤੂੰ ਤਰਖਾਣ ਆਖ ਰਿਹਾ ਹੈ। ਹੈ ਤਾਂ ਇਹ ਤਰਖਾਣ ਜ਼ਰੂਰ, ਪਰ ਇਹ ਗਲ ਯਾਦ ਰਖੀਂ ਇਹ ਓਹੀ ਤਰਖਾਣ ਹੈ, ਜਿਸ ਧਰਤ ਅਕਾਸ਼ ਬਣਾਏ ਹੋਏ ਨੇ, ਜਿਸ ਸੂਰਜ ਚੰਨ ਘੜੇ ਹੋਏ ਨੇ, ਜਿਸ ਪੌਣ ਪਾਣੀ ਰਚਿਆ ਹੋਇਆ ਏ। ਜਿਸ ਅਜੋੜ ਤਤਾਂ ਨੂੰ ਜੋੜ ਕੇ ਇਹ ਮਾਨਸ ਪੁਤਲਾ ਘੜਿਆ ਹੋਇਆ ਏ। ਤੇ ਹੁਣ ਇਹ ਸੰਸਾਰ ਦੇ ਵਿੰਗ ਟੇਢ ਕਢਾਂਗ ਮਨੁਖ ਨੂੰ ਮਨੁਖ ਬਨਾਉਣ ਆਇਆ ਹੋਇਆ ਏ। ਸੁਦਾਰਾ! ਵੇਖੀਂ ਸੁਦਾਰੀ ਦੀ ਥੇ ਵਿਚ ਨ ਰਹੀਂ ਜਾ ਦਰਸਨ ਕਰ ਤੇ ਜਨਮ ਸਫਲਾ ਕਰ।

ਉਨ੍ਹਾ ਦਾ ਜਨਮ ਮਰਨ.........

ਮਸਤਾਨਾ ਇਤਨਾ ਕਹਿ ਅਗ ਰਵਾ ਹੋਇਆ ਤਾਂ ਭਗਤੇ ਕਿਹਾ ਵੇਖਿਆ ਜੇ ਸੁਦਾਰ ਜੀ! ਕੇਸਾ ਜਾਦੂ ਏ? ਚੰਗਾ ਭਾਈ! ਜੋ ਹੋਵੇ ਸੋ ਹੋਵੇ। ਤਰਖਾਣ ਦੀ ਗੁਰਆਈ ਨ ਕਢੀ ਤਾਂ ਉਹ ਕੀ ਆਖੇਗਾ, ਮੋਂਗਲ ਸਿੰਘ ਨੇ ਬੜੇ ਰੁਅਬ ਨਾਲ ਕਿਹਾ।

(੨)

ਲੁਦਿਆਣਿਉਂ ਸਮਰਾਲੇ ਨੂੰ ਜ ਦੀ ਪੱਕੀ ਸੜਕ ਤੋਂ ਉਤਰ ਲਾਟ ਦੇ ਕੋਲੋਂ, ਪਜ ਸੱਤ ਘੁੜ ਸਵਾਰ ਤੱਛੇ ਮੁੱਛੇ ਆਪਣੇ ਚਮਾਰ ਸੇਵਾਦਾਰਾਂ ਨਾਲ ਸ੍ਰੀ ਭੈਣੀ ਸਾਹਿਬ ਨੂੰ ਜਾ ਰਹੇ ਹਨ। ਸਭ ਤੋਂ ਮੁਹਰੇ ਸ੍ਰਃ ਮੋਂਗਲ ਸਿੰਘ, ਮੋਟੇ ਨੇਤਰ, ਲੰਮਾ ਤੇ ਭਾਰਾ ਸਰੀਰ, ਚੀਰਿਆ ਕਾਲਾ ਦਾੜਾ, ਸਿਰ ਤੇ ਘੋਟਵੀ ਪੱਗ ਜਿਸਦਾ ਪਿਛਲਾ ਲੜ ਪਿਛੋਂ ਦੀ ਟੁੰਗਿਆਂ ਹੋਇਆ ਘਟਵਾ ਪਾਜਾਮਾ, ਪੈਰੀਂ ਜ਼ਨਾਨੀ ਜੁਤਾ, ਗਲੇ ਤਿਲੇ ਨਾਲ ਕਢਿਆ ਚੋਗਾ, ਮੋਢੇ ਤੇ ਬੰਦੂਕ, ਹਥ ਬੈਂਤ ਦੀ ਚਾਂਦੀ ਦੀ ਮੁਠ ਵਾਲੀ ਛੜੀ, ਮੁਖਣ ਦੀ ਪਲੀ ਚੀਨੀ ਘੋੜੀ ਤੇ ਸ਼ਵਾਰ ਹੈ, ਚੀਨੀ ਨੇ ਜਿਸ ਵੇਲੇ ਸ੍ਰੀ ਭੈਣੀ ਸਾਹਿਬ ਦੀ ਜੂਹ ਵਿਚ ਪੈਰ ਰਖਿਆ, ਖੁਸ਼ੀ ਨਾਲ ਫੁਲ ਕੇ ਆਪਣੇ ਆਪ ਤੋਂ ਬਾਹਰ ਹੋਣ ਲਗ ਪਈ। ਸ੍ਰੀ ਭੈਣੀ ਸਾਹਿਬ ਦੇ ਬੋਹੜਾਂ ਨੂੰ ਤਕ ਹਿਣਕ ਹਿਣਕ ਆਕਾਸ਼ ਨੂੰ ਸਿਰ ਤੇ ਚੁਕ ਲਿਆ। ਪੂਛਲ ਚক ਪੋਲਾਂ ਪਾਉਣ ਲਗ ਪਈ, ਧਰਤੀ ਤੇ ਪੈਰ ਨਹੀਂ ਟਕਾਦੀ। ਸਭ ਤੋਂ ਅਗੇ ਬੜੇ ਚਾ ਨਾਲ ਜਾ ਰਹੀ ਸੀ, ਅੰਦਰ ਇਕ ਖਿਚ ਸੀ, ਕਿ ਕਿਸ ਵੇਲੇ ਉਸ ਧਰਤੀ ਤੇ ਪੁਜਾਂ ਜਿਥੇ ਅਰਸ਼ਾਂ ਕੁਰਸ਼ਾਂ ਦਾ ਮਾਲਿਕ,

Sri Satguru Jagjit Singh Ji Elibrary NamdhariElibrary@gmail.com

ਦੇਹ ਧਾਰ, ਜੀਆਂ ਦੇ ਬੇੜੇ ਪਾਰ ਕਰ ਰਿਹਾ ਹੈ, ਉਸ ਧਰਤ ਦੀ ਧੂੜ ਮੱਥੇ ਤੇ ਲਾ ਇਸ ਪਸ਼ੂ ਜੂਨੀ ਵਿਚੋਂ ਮੁਕਤ ਹੋਵਾਂ।

ਦੈਵਨੇਤ ਉਸ ਸਮੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ. ਬਾਹਰੋਂ ਆ ਰਹੇ ਸਨ ਸਾਦੇ ਚਿਟ ਬਸਤਰ. ਇਕ ਹੱਥ ਗੜਵਾ, ਇਕ ਹੱਥ ਸੇਲਾ, ਬੋਹੜ ਤੱਲੇ ਖਲੇ ਸਨ॥ ਜੀਨੀ ਦੂਰੋਂ ਤਕਿਦਿਆਂ ਨਿਹਾਲ ਹੋ ਗਈ, ਉਡਕੇ ਓਥੇ ਪੁਜੀ ਜਿਥੇ ਸ੍ਰੀ ਸਤਿਗੁਰੂ ਜੀ ਸਨ। ਸਤਿਗੁਰੂ ਜੀ ਤੋਂ ਦਸ ਕਦਮਾਂ ਤੇ ਰੁਕ ਗਈ, ਸਿਰ ਨੀਵਾਂ ਕਰ ਨਿਮਸ਼ਕਾਰ ਕੀਤੀ।

ਸ੍ਰ: ਮੰਗਲ ਸਿੰਘ:–ਭਾਈ ਸਿਖਾ ! ਏਥੇ ਤਰਖਾਣ ਗੁਰੂ ਸੁਣੀ ਦਾ ਹੈ?

ਗੁਰੂ ਜੀ:–ਹਾਂ ! ਮੈਨੂੰ ਹੀ ਆਖਦੇ ਹਨ। "ਮੈਨੂੰ ਹੀ ਆਖਦੇ ਹਨ," ਸ਼ਬਦਾਂ ਨੇ ਸਦਾਰ ਦਾ ਅੰਦਰੋ ਅੰਦਰ ਨਿਸਤਾਰਾ ਕਰ ਦਿਤਾ ਕਿਉਕਿ ਘਰੋਂ ਤੁਰਨ ਲਗਿਆਂ ਉਸ ਮਨ ਵਿਚ ਧਾਰਨ ਕੀਤਾ ਸੀ, ਕਿ ਮੈ ਪੂਰਾ ਗੁਰੂ ਤੇ ਸੱਤਿਆ ਵਾਲਾ ਤਾ ਜਾਣਾਗਾ, ਜੇ ਪਿੰਡ ਵੜਦਿਆਂ ਮੈਨੂੰ ਅਗੋਂ ਮਿਲੇ। ਪਰ ਸਾਥੀਆਂ ਤੋਂ ਸਰਮ ਕਰਦਾ ਚੁਪ ਰਿਹਾ, ਮਗਰ ਘੋੜੀ ਤੋਂ ਉਤਰ ਖਲੋਤਾ। ਉਸਨੂੰ ਉਤਰਿਆਂ ਵੇਖ ਬਾਕੀ ਸਾਥੀ ਵੀ ਉਤਰ ਖਲੋਤੇ। ਨਾਲ ਆਏ ਚਮਾਰਾਂ ਨੇ ਇਕ ਇਕ ਦੋ ਦੋ ਘੋੜੀਆ ਥਮਲਈਆਂ ਤੇ ਸਾਰਾ ਮਹੈਣ ਗੁਰੂ ਜੀ ਦੇ ਮਗਰੇ ਮਗਰ ਟਰ ਪਿਆ॥ ਗੁਰੂ ਜੀ ਨੇ ਘੋੜੀਆਂ ਨੂੰ ਤਬੇਲੇ ਵਿਚ ਬੰਨਣ ਦਾ ਹੁਕਮ ਦਿਤਾ, ਤੇ ਆਪਣੇ ਸੇਵਾ ਦਾਰਾਂ ਨੂੰ ਆਏ ਸ੍ਰਦਾਰਾਂ ਨੂੰ ਜਲ ਛਕਾਣ ਵਾਸਤੇ ਕਿਹਾ। ਸ੍ਰਦਾਰਾਂ ਗੁਰੂ ਜੀ ਦੇ ਮੰਦਰ ਵੇਖੇ, ਗੁਰੂ ਜੀ ਦਾ ਲੰਗਰ ਵੇਖਿਆ ਗ੍ਰੀਬ ਗਰਬਿਆਂ ਨੂੰ ਇਕੋ ਜੇਸਾ ਪ੍ਰਸਾਦ ਵਰਤਦਾ ਤਕਿਆ, ਮਾਈ, ਭਾਈ, ਬਚੇ ਬਾਲੇ ਨੂੰ ਹੱਥੀ ਮਾਲਾ ਤੇ ਰਸਨਾਂ ਤੋਂ ਮਿਠੇ ਨਾਮ ਦੇ ਸੋਮੇ ਝਰਦੇ ਤਕੇ, ਤਾਂ ਸਰੀਰ ਹੌਲਾ ਫੁਲ ਹੋ ਗਿਆ ਹੈ। ਜਦ ਸਿੰਘ ਜਲ, ਓਹ ਜਲ ਜਿਸਦੇ ਤਿਆਰ ਹੁੰਦਿਆ ਤਕ, ਬਾਬੇ ਨਾਨਕ ਦੇ ੪੦ ਜੁਗਾਂ ਦੀ ਤਪਸਿਆ ਦੇ ਮੰਤਰ, ਦਾ ਜਾਪ ਸੁਤੇ ਹੋਇਆ ਹੋਇਆ ਸੀ, ਪਸ਼ੂਆਂ ਤੋਂ ਦੇਵਤੇ ਬਨਾਉਣ ਵਾਲੀ ਬਾਣੀ ਦੇ ਪਾਠ ਦੀਆਂ ਅੰਮ੍ਰਿਤ ਧਾਰਾਂ ਵਸੀਆਂ ਹੋਈਆਂ ਸਨ. ਲਿਆਦਾ ਗਿਆ ਤੇ ਸ੍ਰਦਾਰਾਂ ਛਕਿਆ। ਬਸ ਜਲ ਛਕਣ ਦੀ ਦੇਰ ਸੀ, ਜਿਹੜਾ ਜਿਹੜਾ ਛਕਦਾ ਜਾਵੇ, ਖੀਵਾ ਹੁੰਦਾ ਜਾਵੇ। ਸ੍ਰਦਾਰਾਂ ਵੀ ਜ਼ਿੰਦਗੀ ਭਰ ਵਿਚ ਕਈ ਪ੍ਰਕਾਰ ਦੇ ਸਵਾਦਲੇ ਜਲ ਛੱਕੇ ਹੋਣਗੇ, ਮਗਰ ਜੋ ਸਵਾਦ ਇਸ ਜਲ ਦਾ ਆਇਆ ਇਹ ਓਹੋ ਜਾਣਦੇ ਸਨ। ਜਿਉਂ ਜਿਉ ਛੱਕਦੇ ਜਾਣ, ਸੋਤਰ ਖੁਲਦੇ ਜਾਣ, ਰੂਹ ਅੰਦਰੋ ਅੰਨ੍ਹੇਰਾ ਉਡਦਾ ਜਾਵੇ. ਤੇ ਪ੍ਰਕਾਸ਼ ਹੁੰਦਾ ਜਾਵੇ। ਸਭ ਸਜਣਾਂ ਜਲ ਪ੍ਰਸਾਦ ਛਕਿਆ, ਘੋੜਿਆ ਨੂੰ ਦਾਣਾ ਪੱਠਾ ਪਵਾਇਆ। ਸਾਧ ਸੰਗਤ ਤਾਂ ਮੰਦਰਾਂ ਵਿਚ ਕੀਰਤਨ ਅਰੰਭ ਦਿਤਾ ਮਗਰ ਇਹ ਸਜਣ ਬਿਸਤਰਿਆਂ ਤੇ ਬਿਰਾਜ ਗਏ।

(੩)

ਸ੍ਰਦਾਰ ਦੇ ਸਾਥੀਆਂ ਦੀ ਮੰਜਿਆ ਤੇ ਲੇਟਦਿਆਂ ਹੀ, ਦਿਨ ਦੇ ਥਕੇਵੇਂ ਕਾਰਨ ਅੱਖ ਲਗ ਗਈ। ਮਗਰ ਸ੍ਰਦਾਰ ਦੇ ਸੁਤੇ ਭਾਗਾਂ ਦੀ ਨੀਂਦਰ ਖੁਲ੍ਹਣ ਲਗ ਪਈ। ਸ੍ਰਦਾਰ ਬਿਰਾਜਿਆਂ ਕੀ ਤੱਕਿਆ? ਇਕ ਬੜਾ, ਸੁੰਦਰ ਭਵਨ ਹੈ। ਉਸਦੀਆਂ ਕੰਧਾਂ ਤੇ ਹੀਰੇ, ਮੋਤੀ ਜਗ ਮਗ ਜਗਮਗ ਕਰ ਰਹੇ ਹਨ, ਛੱਤਾਂ ਤੇ ਨੀਲਮ ਤੇ ਲਾਲ ਜੜੇ ਹੋਏ ਹਨ। ਮੰਦਰ ਦੇ ਸਾਮ੍ਹਣੇ ਇੰਦਰ ਦੇ ਬਾਗ ਨੂੰ ਮਾਤ ਕਰਨ ਵਾਲਾ ਬਾਗ ਹੈ। ਬਾਗ਼ ਵਿਚ ਅੱਲਭ ਫਲ ਫੁਲ ਹਨ। ਮੰਦਰ ਅੰਦਰ ਇਕ ਜੜਾਊ ਤਖਤ ਹੈ, ਜਿਸ ਤੇ ਚਿਟਾ ਦੁਧ ਆਸਣ ਵਿਛਿਆ ਹੋਯਾ ਹੈ। ਭਵਨ ਵਿਚ ਅਜਬ ਤੇ ਸੁੰਦਰ ਲੋਕ ਬੈਠੇ ਕਿਸੇ ਦੀ ਯਾਦ ਵਿਚ ਲਿਵਲੀਨ ਹਨ। ਅਚਨਚੇਤ ਇਕ ਲੰਮੀ ਭੁਜਾ ਵਾਲੀ, ਚਿਟੇ ਬਸਤਰਾਂ ਵਿਚ ਮੂਰਤੀ ਅਰਸ਼ਾਂ ਤੋਂ ਉਤਰੀ ਤੇ ਸੰਘਾਸਨ ਤੇ ਸਸੋਭਤ ਹੋ ਗਈ। ਉਨ੍ਹਾ ਦੇ ਨਾਲ ਹੀ ਹੋਰ ਦ੍ਰਬਾਰ ਉਤਰਿਆ ਤੇ ਹੋਰ ਅਰੰਭ ਦਿਤਾ। ਮੂਰਤੀ ਨੂੰ ਉਤਰਿਆਂ ਵੇਖ, ਸਭ ਦੇਵਤੇ ਖੜੇ ਹੋ ਗਏ ਤੇ ਜੈ! ਜੈ!! ਜੈ!!! ਕਰਨ ਲਗ ਪਏ। ਬਾਹਰ

ਬਾਗ ਵਿਚ ਵਾ ਅਲੌਕਿਕ ਰੌਣਕ ਸੀ। ਇਤਨੇ ਨੂੰ ਇਕ ਸੁੰਦਰ ਸਡੌਲ ਲਮਾ ਸਰੀਰ, ਸੀਸ ਤੇ ਜੂੜਾ ਮੋਢੇ ਤੇ ਧਨਸ਼ ਬਾਣ, ਪੈਰੀਂ ਖੜਾਵਾਂ ਜਿਸਦੇ ਮਗਰ ਇਕ ਬਾਂਦਰ ਮੂੰਹਾ ਸੂਰਮਾ ਸੀ ਆਇਆ। ਉਸਦੇ ਮਗਰ ਮਗਰ ਬਅੰਤ ਫੌਜ ਸੀ। ਪਹਿਰੇਦਾਰ ਦੀ ਆਗਿਆ ਲੈ ਸਭ ਅੰਦਰ ਆਏ। ਸੈਨਾ ਤਾਂ ਭਵਨ ਵਿਚ ਚਲੀ ਗਈ ਤੇ ਮੂਰਤੀ ਤਖਤ ਵਾਲੀ ਮੂਰਤੀ ਨਾਲ ਜਾ ਮਿਲੀ।

ਇਤਨੇ ਨੂੰ ਬਾਹਰ ਬੜੀ ਸੁਰੀਲੀ ਬੰਸਰੀ ਦੀ ਅਵਾਜ਼ ਆਈ ਤੇ ਅਵਾਜ਼ ਦੇ ਨਾਲ ਨਾਲ ਇਕ ਕੰਵਲ ਨੇਤਰਾਂ, ਸੁੰਦਰ ਪੁਰਸ਼ ਸੀਸ ਤੇ ਮੋਰ ਮਕਟ ਪਹਿਨੇ, ਸੁੰਦਰੀਆਂ ਦੇ ਘੇਰੇ ਵਿਚ ਘਿਰਿਆਂ ਆਇਆ, ਸੁੰਦਰੀਆਂ ਤਾਂ ਭਵਨ ਵਿਚ ਬਹਿ ਗਈਆਂ, ਮਗਰ ਮੋਰ ਮੁਕਟ ਵਾਲੀ ਮੂਰਤ ਤਖਤ ਵਾਲੀ ਮੂਰਤ ਵਿਚ ਜਾ ਸਮਾਈ। ਇਹ ਕੌਤਕ ਅਜੇ ਮੁਕਾ ਹੀ ਸੀ, ਕਿ ਇਕ ਹੋਰ ਦਮਕਦੇ ਚਿਹਰੇ ਵਾਲਾ ਸੁੰਦਰ ਸਜਣ ਜਿਸਦੇ ਚਿਹਰੇ ਤੋਂ ਸਿਆਣਪ ਤੇ ਤਰਸ ਭਾਸਦਾ ਸੀ, ਇਕ ਲੰਮਾ ਚੋਗਾ ਪਾਈ, ਜਿਸਦੇ ਚੋਗੇ ਉਤੇ ਸਲੀਬ ਦਾ ਨਸਾਨ ਸੀ, ਆਇਆ। ਉਸਦੇ ਮਗਰ ਓਸੇ ਵੇਸਦੇ ਅਨੇਕ ਇਸਤ੍ਰੀ ਪੁਰਸ਼ ਸਨ। ਉਸਦੇ ਸਾਥੀ ਤਾਂ ਓਥੇ ਬੈਠ ਗਏ ਤੇ ਇਹ ਮੂਰਤੀ ਵੀ ਤਖਤ ਵਾਲੀ ਮੂਰਤੀ ਨਾਲ ਜਾ ਇਕ ਮਿਕ ਹੋਈ। ਇਸਦੇ ਮਗਰੋਂ ਮਗਰ ਇਕ ਲੰਮਾ, ਭਰਵੇ ਕਦ ਦਾ, ਮੋਟ ਨੇਤਰਾ, ਜਿਸਦੇ ਕਦਮਾਂ ਵਿਚ ਛੁਰਾ ਸੀ ਲਕਾਂ ਕਟੀਆਂ ਹੋਈਆਂ ਸਨ, ਤੇ ਅਰਬੀ ਬੋਲੀ ਬੋਲਦਾ ਸੀ, ਆਪਣੇ ਮੁਰੀਦਾਂ ਸਹਿਤ ਆਇਆ। ਉਸਦੇ ਮੁਰੀਦ ਤਾਂ ਭਵਨ ਵਿਚ ਟਲ ਗਏ ਤੇ ਇਹ ਬਲਵਾਨ ਮੂਰਤੀ ਵੀ ਤਖਤ ਵਾਲੀ ਮੂਰਤੀ ਵਿਚ ਰਚ ਮਿਚ ਗਈ। ਸੂਦਾਰ ਦੇ ਵੇਖਦਿਆਂ ਵੇਖਦਿਆਂ ਅਨੇਕ ਮੂਰਤੀਆਂ ਆਈਆਂ ਤੇ ਪਹਿਲੀ ਮੂਰਤੀ ਵਿਚ ਮਿਲਦੀਆਂ ਗਈਆਂ। ਇਕ ਗਲ ਉਹਨੂੰ ਹੈਰਾਨ ਕਰਨ ਵਾਲੀ ਸੀ, ਕਿ ਬਾਹਰੋਂ ਆਏ ਸਜਣਾਂ ਦੇ ਲਿਬਾਸ ਤੇ ਬੋਲ ਵਖ ਵਖ ਭਾਸਦੇ ਸਨ, ਮਗਰ ਜਦ ਭਵਨ ਅੰਦਰ ਆਉਂਦੇ ਸਨ ਤਾਂ ਕੋਈ ਫਰਕ ਨਹੀਂ ਸੀ ਜਾਪਦਾ ਸਭ ਦੇ ਚਿਟੇ ਬਸਤਰ ਦਿਸਦੇ ਸਨ ਤੇ ਹੱਥੀਂ ਉਨ ਦੀਆਂ ਮਾਲਾ ਫਿਰਦੀਆਂ ਵਖਾਈ ਦੇਂਦੀਆਂ ਸਨ। ਇਤਨੇ ਨੂੰ ਇਕ ਸਜਣ ਨੇ ਉਚੀ ਸਾਰੀ ਬੋਲ ਕੀਤਾ—ਧੰਨ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ! ਤੇ ਏਸੇ ਨਾਲ ਨਾਲ ਗੂੰਜ ਉਠਿਆ ਤੇ ਗੂੰਜ ਨਾਲ ਹੀ ਸੂਦਾਰ ਦੀ ਅੱਖ ਖੁਲ ਗਈ। ਮਗਰ ਜਾਗਣ ਤੇ ਵੀ ਉਸਦੇ ਕੰਨ ਓਸੇ ਗੂੰਜ ਨਾਲ ਗੂੰਜ ਰਹੇ ਸਨ—ਧੰਨ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ।

(੪)

ਸੂਦਾਰ ਤੇ ਸੂਦਾਰ ਦੇ ਸਾਥੀਆਂ ਦੀ ਅੱਖ ਖੁਲੀ ਤਾਂ ਸ੍ਰੀ ਆਸਾ ਜੀ ਦੀ ਵਾਰ ਦਾ ਭੋਗ ਪੈ ਚੁਕਾ ਸੀ। ਸਿੰਘ ਬਾਣੀਆਂ ਪੜ੍ਹ ਰਹੇ ਸਨ। ਸੂਦਾਰ ਦੇ ਸਾਥੀ ਅਜ ਪਛਤਾਵਾ ਮਹਿਸੂਸ ਕਰ ਰਹੇ ਸਨ, ਕਿ ਉਹ ਕੇਡੇ ਮੰਦ ਭਾਗ ਹਨ ਉਨ੍ਹਾਂ ਗੰਗਾ ਤੇ ਆਕੇ ਵੀ ਅਸ਼ਨਾਨ ਨਹੀਂ ਕੀਤਾ, ਕਾਬੇ ਜਾਕੇ ਵੀ ਸਾਰੇ ਵੇਲੇ ਸੁੱਤੇ ਰਹੇ। ਹੇ ਰੱਬਾ! ਕਦੋਂ ਪਿਛਲਾ ਪਹਿਰ ਆਵੇ ਤੇ ਅਸੀਂ ਦੋ ਘੜੀਆਂ ਅੰਮ੍ਰਿਤ ਸ੍ਰੋਵਰ ਵਿਚ ਟੁਬੀ ਮਾਰੀਏ, ਮਗਰ ਸੂਦਾਰ ਸਾਰੀ ਮੰਗੀ ਕੁੜੀ ਵਾਂਗੂੰ ਚੁਪ ਸੀ ਤੇ ਸਾਥੀਆਂ ਨਾਲੋਂ ਵਖ ਵਖ ਟੁਰਦਾ ਸੀ, ਜਿਵੇਂ ਸਿੱਪ ਦੇ ਮੂੰਹ ਸਵਾਂਤੀ ਬੂੰਦ ਪੈਣ ਨਾਲ ਉਹ ਦੂਜੇ ਸਿਪਾਂ ਨਾਲੋਂ ਵਖ ਹੋ ਜਾਂਦਾ ਹੈ, ਤਿਵੇਂ ਸ: ਮੰਗਲ ਸਿੰਘ ਆਪਣੇ ਸਾਥੀਆਂ ਨਾਲੋ ਅਲਗ ਹੋ ਹੋ ਬਹਿੰਦਾ ਸੀ। ਸਾਥੀਆਂ ਪ੍ਰਸਾਦ ਛਕਿਆ, ਮਗਰ ਏਸ ਹੱਥ ਤਕ ਨ ਲਾਇਆ। ਬਾਕੀ ਸਭਨਾਂ ਆਪਣੇ ਆਪਣੇ ਘੋੜੇ ਘੋੜੀਆਂ ਤੋਂ, ਦਾਣਾ ਦਾਣਾ ਪਵਾਇਆ ਮਗਰ ਇਸਨੇ ਚੀਨੀ, ਜਿਸਨੂੰ ਆਪਣੇ ਨਾਲੋ ਵਧ ਪਿਆਰਦਾ ਸੀ ਵਲ ਝਾਤ ਨ ਪਈ। ਇਉਂ ਭਾਸਦਾ ਸੀ, ਜਿਵੇਂ ਇਸਦਾ ਇਸ ਨਾਲ ਦੂਰ ਦਾ ਵੀ ਵਾਸਤਾ ਨਹੀਂ।

ਇਕ ਗਲ ਜਿਨ੍ਹਾਂ ਬਿਰਨ ਪਹੀਆਂ ਬੜੇ ਗਹੁ ਨਾਲ ਤਕੀ ਜਿਸਦਾ ਪ੍ਰਭਾਵ ਪੈਣੋ ਨ ਰਿਹਾ। ਲਾਂਗਰੀ ਸਿੰਘ ਲੰਗਰ ਕਰ ਰਹੇ ਸਨ, ਮਗਰ ਕੋਈ ਬਚਨ ਨਹੀਂ ਸਨ ਕਰਦੇ

ਸਭਦੀਆਂ ਰਸਨਾਂ ਇਕ ਰਸ ਨਾਮ ਜਪ ਰਹੀਆਂ ਸਨ, ਵਰਤਾਵੇ ਲੰਗਰ ਵੰਡਤਾ ਰਹੇ ਸਨ॥ ਉਨ੍ਹਾਂ ਦੀ ਰਸਨਾ ਵੀ ਮਤਲਬ ਤੋਂ ਬਿਨਾ ਕੁਝ ਨਹੀਂ ਸੀ ਬੋਲਦੀ, ਗਡਿਆ ਵਾਲੇ ਗਡੇ ਜੋੜ ਰਹੇ ਸਨ ਪਰ ਰਸਨਾਂ ਤੇ ਨਾਮ ਸਤਿਗੁਰੂ ਦਾ ਸੀ, ਖੇਤਾਂ ਵਿਚ ਸਿੰਘ ਕਮ ਕਰ ਰਹੇ ਸਨ। ਉਨ੍ਹਾਂ ਹੱਥ ਤਾਂ ਭਾਵੇਂ ਕਾਰ ਵਲ ਹਨ, ਮਗਰ ਰਸਨਾ ਤੇ ਰਟਨ ਯਾਰ ਦਾ ਸੀ। ਗਲੀ ਵਿਚ ਵੀ ਲੰਘਦਿਆਂ ਵੇਖਿਆ ੮੦–੮੦ ਸਾਲ ਦੀਆਂ ਬਿਰਧ ਤੋਂ ਬਿਰਧ, ਹੱਥੀ ਮਾਲਾ ਸਨ, ੧੦ ੧੦ ਸਾਲ ਦੇ ਬਚੇ ਬਚੀਆਂ ਵਖੇ ਉਹ ਵੀ ਟੁਰਦੇ ਫਿਰਦੇ ਮਾਲਾ ਫੇਰ ਰਹੇ ਸਨ। ਇਨ੍ਹਾਂ ਨੂੰ ਇਹ ਦੁਨੀਆਂ ਬਿਲਕੁਲ ਨਵੀਂ ਜਾਪੀ।

ਇਹ ਲੋਕ– ਦਿਨੇ ਤਾਂ ਸਭ ਕਾਰ ਵਿਹਾਰ ਕਰਦੇ ਰਹੇ ਮਗਰ ਦੀਵਾਨ ਸਮੇਂ ਸਭ ਮਾਈ ਭਾਈ ਚਿਟੇ ਬਸਤਰ ਪਹਿਨ, ਹਥੀਂ ਮਾਲਾ ਲੈ, ਆਪਣੇ ਆਪਣੇ ਆਸਣ ਵਛਾ ਸ੍ਰੀ ਸਤਿਗੁਰੂ ਜੀਦੇ ਆਸਣ ਤੇ ਅਦਬ ਨਾਲ ਸੀਸ ਝੁਕਾਦੇ ਬੈਠਦੇ ਗਏ। ਸ੍ਰੀ ਸਤਿਗੁਰੂ ਜੀ ਦੀਵਾਨ ਵਿਚ ਪਏ ਤਾਂ ਸੰਗਤਾਂ ਅਦਬ ਨਾਲ ਖੜੋ ਗਈਆਂ। ਗੁਰੂ ਜੀਦੇ ਚਿਹਰੇ ਸਾਹਮਣੇ ਸੂਰਜ ਦਾ ਤੇਜ ਫਿਕਾ ਪੈ ਰਿਹਾ ਸੀ। ਜਿਹੜਾ ਸਜਣ ਆਉਂਦਾ ਸੀ ਖਾਲੀ ਹਥ ਕਈ ਨਹੀਂ ਸੀ ਆਉਂਦਾ॥ ਜੋ ਕੁਝ ਕਿਸੇ ਨੂੰ ਪ੍ਰਾਪਤ ਹੋ ਸਕਦਾ ਸੀ ਯਥਾ ਸ਼ਕਤ ਭੇਟ ਕਰ ਸੀਸ ਨਿਵਾ ਆਪਣਾ ਆਪਣਾ ਆਸਣ ਵਿਛਾ ਬੈਠ ਜਾਂਦਾ ਸੀ। ਸ੍ਰ. ਮੈਗਲ ਸਿੰਘ ਤੇ ਉਸਦੇ ਸਾਥੀ ਵੀ ਮਥਾ ਟੇਕ ਇਕ ਪਾਸੇ ਬਹਿ ਗਏ। ਰਾਗੀਆਂ ਸ਼ਬਦ ਬੜੇ ਪ੍ਰੇਮ, ਲੈ ਤੇ ਮਸਤੀ ਨਾਲ ਪੜ੍ਹਿਆ।

ਤੁਮ ਚੰਦਨ ਹਮ ਅਰਿੰਡ ਬਾਪਰੇ ਸੰਗਿ ਤੁਮਾਰੇ ਬਾਸਾ॥ ਨੀਚ ਰੁਖ ਤੇ ਊਚ ਭਏ ਹੈਂ ਗੰਧਿ ਸੁਗੰਧਿ ਨਿਵਾਸਾ। ਇਸ ਸ਼ਬਦ ਨੇ ਦੀਵਾਨ ਵਿਚ ਮਸਤੀ ਲੈ ਆਂਦੀ ਮਸਤਾਨਿਆਂ ਨਾਲ ਦੀਵਾਨ ਭਰ ਗਿਆ। ਬਿਸਨ ਪੁਰੀਆਂ ਦੇ ਸਿਰ ਵੀ ਹਿਲਣੇ ਸ਼ੁਰੂ ਹੋਗਏ। ਮਸਤਾਨਿਆ ਤੋਂ ਬਿਨਾਂ ਦੀਵਾਨ ਦੇ ਸ੍ਰੋਤਿਆਂ ਦੀਆਂ ਸੁਰਤਾਂ ਅਨੋਖੇ ਤੇ ਅਨਦਿਸੇ ਮੰਡਲਾਂ ਦੀਆਂ ਸੈਰਾਂ ਕਰ ਰਹੀਆਂ ਸਨ। ਕਿਉਂਕਿ ਉਹਨਾਂ ਦੀ ਰਸਨਾਤੇ ਨਾਮ ਸੀ, ਕੰਨਾਂ ਵਿਚ ਸਤਿਗੁਰੂ ਦੀ ਸੁਰਤ ਸੀ, ਹਿਰਦੇ ਵਿਚ ਸਤਿਗੁਰ ਦੀ ਮੂਰਤ ਸੀ। ਇਤਨੇ ਨੂੰ ਇਕ ਸਿੰਘ ਨੇ ਆਕੇ ਕੁਝ ਮਾਇਆ ਲਿਆ ਮੱਥਾ ਟੇਕੀ, ਪਰ ਅੰਤ੍ਰਯਾਮੀ ਗੁਰੂ ਜੀ ਉਸਨੂੰ ਮਾਇਆ ਚੁਕਣ ਵਾਸਤੇ ਤੇਜ਼ੀ ਵਿਚ ਬਚਨ ਕੀਤਾ। ਬਿਸਨ ਪੁਰੀਆਂ ਅੰਦਰ ਹੈਰਾਨੀ ਛਾ ਗਈ, ਕਿਉਂਕਿ ਉਹ ਤਾਂ ਇਸ ਥਾਂ ਨੂੰ ਕੇਵਲ ਮਾਇਆ ਦਾ ਜਾਲ ਸਮਝਦੇ ਸਨ ਮਗਰ ਉਨ੍ਹਾਂ ਨੂੰ ਤਾਂ ਏਥੇ ਨਿਰਾ ਮਾਇਆ ਦਾ ਤਿਆਗ ਦਿਸ ਰਿਹਾ ਸੀ। ਇਹ ਘਟਨਾ ਤਕ ਉਨਾਂ ਦਾ ਰਹਿੰਦਾ ਖੂੰਦਾ ਮੋਤੀਆ ਬਿੰਦ ਵੀ ਉਤਰਨਾ ਸ਼ੁਰੂ ਹੋਇਆ। ਕੋਲੋਂ ਬਾਬਾ ਜਵਾਹਰ ਸਿੰਘ ਜੀ ਹੱਥ ਬੰਨ ਅਰਜ਼ ਕੀਤੀ, ਗ੍ਰੀਬ ਨਿਵਾਜ਼! ਇਸ ਸਿਖ ਪਾਸੋਂ ਕੀ ਭੁੱਲ ਹੋਈ ਹੈ, ਜ ਆਪ ਉਸਦੀ ਭੇਟ ਨਹੀਂ ਕਬੂਲਦੇ? ਤਾਂ ਅੰਤਰਯਾਮੀ ਸਤਿਗੁਰੂ ਜੀ ਫੁਰ-ਮਾਇਆ, ਬਾਬਾ ਜੀ ਇਸਦੇ ਘਰ ਕੁੜੀਆਂ ਮਾਰੀਆਂ ਗਈਆਂ ਹਨ, ਜੋ ਬੜਾ ਪਾਪ ਹੈ। ਇਤਨੇ ਸਬਦ ਸੁਣ ਉਹ ਸਿਘ ਕੰਬ ਉਠਿਆ, ਤੇ ਬੇਨਤੀ ਕੀਤੀ ਹੇ ਅੰਤਰਯਾਮੀ ਮੈਥੋਂ ਇਹ ਭੁਲ ਹੋਈ ਹੈ ਤੇ ਇਹ ਭੁਲ ਤੀਵੀਂ ਦੇ ਕਹੇ ਵਾਪਰੀ ਹੈ, ਮੈਨੂੰ ਬਖਸ਼ੋ ਗੁਰੂ ਜੀ ਅਖੰਡ ਪਾਠ ਦਾ ਹੁਕਮ ਕੀਤਾ। ਉਸ ਪਰਵਾਣ ਕਰ ਲਿਆ, ਤਦ ਉਸਦੀ ਮਾਇਆ ਕਬੂਲ ਹੋਈ।

ਓਸ ਸਮੇ ਇਕ ਸਿਖ ਨੇ ਅਰਜ ਕੀਤੀ, ਗ੍ਰੀਬ ਨਿਵਾਜ਼! ਮੈਂ ਨਾਮ ਦੀ ਦਾਤ ਲੈਣਾ ਚਾਹੁੰਦਾ ਹਾਂ ਮਗਰ ਮੈਂ ਗ੍ਰੀਬ ਹਾਂ ਮੈਂ ਆਏ ਸਾਧ ਦੀ ਸੇਵਾ ਨਹੀਂ ਕਰ ਸਕਦਾ, ਲੰਗਰ ਨਹੀਂ ਕਰ ਸਕਦਾ, ਮੈਂ ਕੀ ਕਰਾਂ?

ਸਤਿਗੁਰੂ ਜੀ ਬੜੀ ਦਿਆਲਤਾ ਨਾਲ ਬਚਨ ਕੀਤਾ, ਭਾਈ! ਤੂੰ ਆਏ ਸਾਧ ਨੂੰ ਜੀ ਆਇਆ ਕਹਿ ਦਿਆ ਕਰ, ਠੰਡੇ ਜਲ ਦਾ ਛੰਨਾ ਲਿਆ ਹਾਜਰ ਕਰਿਆ ਕਰ, ਕਿਤੇ ਲੰਗਰ ਹੋਵੇ ਤਾਂ ਉਸ ਵਿਚ ਮੁਠ ਆਟੇ ਦੀ ਪਾ ਆਇਆ ਕਰ, ਤੇਰਾ ਭਲਾ ਹੋ ਜਾਇਆ ਕਰੇਗਾ। ਇਤਨਾ ਸੁਣ ਸਿਖ ਨੇ ਮਥਾ ਟੇਕ ਦਿਤਾ ਤੇ ਭਜਨ ਲੈ ਸਿਖ ਸਜ ਗਿਆ।

ਇਹ ਸਾਰਾ ਸੀਨ, ਚਲ ਰਹੀ ਫਿਲਮ ਵਾਂਗੂੰ ਸ੍ਰ. ਮੰਗਲ ਸਿੰਘ ਤੇ ਉਸਦੇ ਸਾਥੀਆਂ ਦੀਆਂ ਅਖਾਂ ਸਾਹਮਣੇ ਲੰਘੇ, ਪਰ ਸਰਦਾਰ ਦੀ ਮਨ ਦੀ ਭਾਵਨਾ ਪੂਰੀ ਹੋਣ ਦਾ ਚਮਤਕਾਰ, ਗੁਰੂ ਕੇ ਲੰਗਰ ਦਾ ਇਕ ਰਸ ਤੇ ਇਕ ਜੈਸਾ ਵਰਤਾਰਾ ਰਾਤ ਦਾ ਦ੍ਰਿਸ਼ਟਾਂਤ ਦੀਵਾਨ ਦੀਆਂ ਖੇਡਾਂ, ਮਾਇਆ ਦਾ ਤਿਆਗ, ਸੱਚ ਦੀ ਦ੍ਰਿੜਤਾ, ਫੇਰ ਸਾਧ ਸੰਗਤ ਦੇ ਹਰ ਕਾਰ ਵਲ ਤੇ ਹਿਤ ਪਿਆਰ ਵਲ, ਸਵਾਸ ਸਵਾਸ ਨਾਮ ਦਾ ਜਾਪ, ਬਾਣੀ ਦਾ ਰਟਨ, ਇਹ ਸਭ ਉਸਦੇ ਹਿਰਦੇ ਤੇ ਡੂੰਘੇ ਚਿੰਨ ਪਾਉਂਦੇ ਗਏ ਤੇ ਮਨ ਵਿਸਮਾਦਤਾ ਦੇ ਮੰਡਲਾਂ ਵਿਚ ਤਾਰੀਆਂ ਲਾਉਂਦਾ ਰਿਹਾ। ਪਾਰਸ ਪਾਸ ਦਿਸਣ ਲਗ ਪਿਆ, ਚੰਦਨ ਬਾਵਨ ਚੰਦਨ ਪ੍ਰਤੀਤ ਹੋਣ ਲਗ ਪਿਆ, ਫਟਕ ਲਾਲ ਨਜ਼ਰੀ ਆਇਆ, ਅੰਦਰ ਜੋਤ ਜਗਣ ਲਗ ਪਈ, ਉਜਾਲਾ ਹੋ ਗਿਆ, ਅਨ੍ਹੇਰੇ ਦੇ ਜਾਣ ਨਾਲ ਲਕਾਬਾਰ ਲੋਕ ਲਾਜ ਮਨੋਂ ਮਗਰ ਖਿਸਕ ਟੁਰੇ ਸਰਦਾਰੀ ਤੇ ਤਾਜ ਨੂੰ ਪਰੇ ਵਗਾ ਮਾਰਿਆ ਸਾਥੀਆਂ ਦੀ ਪ੍ਰਵਾਹ ਨ ਕਰਦਿਆਂ, ਦੀਵਾਨ ਵਿਚ ਨੱਚ ਉਠਿਆ। ਕੜੇ ਕੈਂਠਾ ਲਾਹ ਸੁਟੇ, ਸਭ ਕੁਝ ਗੁਰੂ ਜੀ ਦੇ ਚਰਨਾਂ ਵਿਚ ਰੱਖ ਹੱਥ ਜੋੜ ਖਲੋ ਗਿਆ, ਬੋਲੇ ਚਾਲੇ ਕੁਝ ਨ, ਚੁਪ ਚੁਪ ਅਥਰੂ ਕੇਰੀ ਜਾਵੇ, ਦੀਵਾਨ ਵਿਚ ਚੁਪ ਛਾ ਗਈ। ਬੜੀ ਦੇਰ ਪਿਛੋਂ ਨਿੰਮੀ ਜੇਹੀ ਅਵਾਜ਼ ਵਿੱਚ ਬੋਲਿਆ, ਹੇ ਸੰਸਾਰ ਦੇ ਸਾਂਈਆਂ! ਬਖਸ਼ੋ! ਮੈਂ ਭੁਲਾ! ਮੈਂ ਭੁਲਾ! ਮੈਂ ਕੁਰਾਹੇ ਜਾ ਰਿਹਾ ਸਾਂ, ਮੈਨੂੰ ਮੋੜ, ਮੇਰੇ ਤੇ ਕਿਰਪਾ ਕਰੋ ਤੇ ਮੈਨੂੰ ਨਾਮ ਦੇ ਖਜ਼ਾਨੇ ਵਿਚੋਂ ਨਾਮ ਦੀ ਦਾਤ ਬਖਸ਼ੋ! ਮੈਂ ਨਿਮਾਣੇ ਤੇ ਤਰਸ ਕਰੋ! ਮੈਂ ਔਗਣਹਾਰ ਨੂੰ ਬਖਸ਼! ਮੈਂ ਗਰੀਬ! ਮੈਂ ਕੰਗਾਲ! ਇਹ ਸਭ ਸੁਣ ਮੌਜੀ ਠਾਕਰ ਜੀ ਸਾਹਿਬ ਨੇ ਕਿਹਾ, ਸਰਦਾਰਾ! ਕਰਖਣ ਮਗਰ ਕਾਹਨੂੰ ਲਗਣਾ ਹੈ? ਇਨਾਂ ਸ਼ਬਦਾਂ ਨੇ ਸਰਦਾਰ ਦੇ ਘਾਉ ਅਧੀਰ ਕਰ ਦਿਤੇ, ਬਿਰਹਾ ਦੀ ਅਗਨ ਜੋਬਨ ਤੇ ਆ ਗਈ, ਜਿਵੇਂ ਤ੍ਰਿਹਾਇਆ ਪੁਰਸ਼ ਜਲ ਨੂੰ ਵੇਖ ਬਹੁਤਾ ਬੇਹਬਲ ਹੁੰਦਾ ਹੈ, ਉਹੋ ਹਾਲਤ ਇਨ੍ਹਾਂ ਸ਼ਬਦਾਂ ਨੇ ਸਰਦਾਰ ਦੀ ਕੀਤੀ। ਜਿਗਰ ਪਤੰਗਾ ਸਾਹਮਣੇ ਸ਼ਮਾ ਵੇਖ ਪਿਛਾਂ ਨਹੀਂ ਪਰਤਦਾ। ਉਸ ਬੜੀ ਨਿਮਰਤਾ ਤੇ ਅਧੀਨਗੀ ਸਹਿਤ ਵੈਰਾਗ ਵਿਚ ਕਿਹਾ, ਹੇ ਦੀਨ ਦਿਆਲ ਮੈਂ ਭੁਲੇ ਨੂੰ ਹੋਰ ਨ ਭੁਲਾਉ। ਮੰਝਧਾਰ ਫਾਦੇ ਨੂੰ ਸਿਧੇ ਰਾਹ ਪਾਉ! ਹਾਂ ਤੂੰ ਤਰਖਾਣ ਜ਼ਰੂਰ, ਪਰ ਉਹ ਜਿਸ ਰਾਮੇਸ਼ਵਰ ਦਾ ਪੁਲ ਲੰਕਾ ਤੇ ਪੱਥਰਾਂ ਦਾ ਬਿਨਾਂ ਆਸਰੇ ਬੰਨ੍ਹਿਆ ਸੀ, ਜਿਸ ਨਾਮਦੇਵ ਦੇ ਛੱਪਰ ਬਣਾਏ ਸਨ, ਜਿਸ ਭੇਖਧਾਰੀ ਵਿਸ਼ਨੂੰ ਦੀ ਚੱਕਰ ਸੁਦਰਸ਼ਨਾਂ ਨਾਲ ਲਾਜ ਰਖੀ ਸੀ। ਹੇ ਸੁਖਾਂ ਦੇ ਸਾਗਰ! ਤੇ ਮੇਹਰਾਂ ਦੇ ਸਾਂਈਂ! ਹੇ ਖੰਡਾਂ ਬ੍ਰਹਿਮੰਡਾਂ ਦੇ ਜਾਨਣ ਮੁਨਾਰੇ! ਮੇਰੇ ਅੰਦਰ ਵੀ ਲੋ ਕਰ! ਨਾਮ ਦਾ ਕਿਨਕਾ ਬਖਸ਼! ਪਰਖਣ ਆਏ ਨੂੰ ਨੇਤਰ ਦੇ! ਇਹ ਕਹਿ ਮੁੜ ਸੀਸ ਨੂੰ ਚਰਨਾਂ ਤੇ ਰਖ ਦਿਤਾ, ਤੇ ਕਿਹਾ, ਮੈਂ ਤੇਰਾ! ਤੇਰਾ! ਤੇਰਾ! ਤੇਰੇ ਦਰਸ਼ਨਾਂ ਨਾਲ ਸਭ ਭੁਖਾਂ ਦੂਰ ਹੋ ਗਈਆਂ ਸਨ, ਹੁਣ ਤਾਂ ਤੇਰੇ ਨਾਮ ਦੀ ਭੁਖ ਰਹਿ ਗਈ ਹੈ। ਹੋਰ ਨ ਤਰਸਾ! ਕਰ ਮਿਹਰ ਤੇ ਇਕ ਘੁਟ ਪਿਲਾ ਦੇ ਇਤਨੀ ਬਿਹਬਲਤਾ ਵੇਖ, ਸਤਿਗੁਰੂ ਜੀ ਇਕ ਸਿਖ ਵਲ ਇਸ਼ਾਰਾ ਕੀਤਾ। ਉਸ ਕੰਨ ਵਿਚ ਭਜਨ ਦਸ ਦਿਤਾ। ਬਸ ਫੂਕ ਵਜਦਿਆਂ ਸਾਰ ਕਪਾਟ ਖੁਲ ਗਏ, ਤੇ ਬਾਹਰਲੇ ਦਰਵਾਜ਼ੇ ਬੰਦ ਹੋ ਗਏ। ਸਰਦਾਰ ਜੀ ਬੇਸੁਧ ਹੋ ਗਏ ਤੇ ਏਸੇ ਰੰਗ ਵਿਚ ਉਨ੍ਹਾਂ ਨੂੰ ਡੇਰੇ ਤੇ ਪਹੁੰਚਾ ਦਿਤਾ ਗਿਆ।

(੫)

ਸਰਦਾਰ ਮੰਗਲ ਸਿੰਘ ਘਰ ਪਹੁੰਚਦਿਆਂ ਹੀ ਕੁਕੜਾਂ ਦੇ ਪਿੰਜਰੇ ਤੋੜ ਦਿਤੇ, ਬਕਰਿਆਂ ਦੀਆਂ ਰਸੀਆਂ ਲਾਹ ਦਿਤੀਆਂ, ਚੜੀਆਂ ਤਲਾਂ ਤੇ ਭਰੀਆਂ ਬੋਤਲਾਂ ਰੁੜ੍ਹਾਂ ਦਿਤੀਆਂ। ਭਰਤੇ ਨੇ ਡਰਦਿਆਂ ਡਰਦਿਆਂ ਪੁਛਿਆ, ਸਰਦਾਰ ਜੀ! ਚੀਨੀ ਕਿਥੇ ਏ? ਫਰਮਾਇਆ! ਚੀਨੀ ਜਿਸਦੀ ਹੈ ਸੀ ਉਸ ਪਾਸ ਚਲੀ ਗਈ। ਇਹ ਘਰ ਬਾਹਰ ਵੀ ਉਸੇ ਚੀਨੀ ਵਾਲੇ ਦਾ ਹੈ। ਇਹ ਮਹਿਲ ਮਾੜੀਆਂ ਵੀ ਉਸੇ ਚੀਨੀ ਵਾਲੇ ਦੀਆਂ ਹਨ। ਇਨ੍ਹਾਂ ਖੇਤਾਂ ਤੇ ਬਾਗਾਂ ਦਾ ਮਾਲਕ ਵੀ ਉਹੀ ਚੀਨੀ ਵਾਲਾ ਹੈ ਇਨ੍ਹਾਂ ਖੂਹਾਂ ਹਲਟਾਂ ਦਾ ਮਾਲਕ ਵੀ ਉਹੀ ਚੀਨੀ ਵਾਲਾ ਹੈ, ਇਹ ਤਬੇਲੇ ਵਿਚ ਬਧੇ ਘੋੜੇ ਘੋੜੀਆਂ

ਵੀ ਓਸ ਚੀਨੀ ਵਾਲੇ ਦੇ ਦਰ ਦਾ ਕੁਤਾ ਹਾਂ। ਏਸ ਘਰ ਵਿਚ ਉਹ ਚੀਨੀ ਤਾਂ ਕੇਵਲ ਚੀਨੀ ਸੀ, ਮਗਰ ਚੀਨੀ ਵਾਲੇ ਦੇ ਚਰਨਾਂ ਦੀ ਛੁਹ ਪ੍ਰਾਪਤ ਕਰਕੇ ਚੀਨੀ, ਚੀਨੀ ਬਣ ਗਈ ਹੈ।

ਸਰਦਾਰ ਮੰਗਲ ਸਿੰਘ ਤਾਂ ਮਸਤ ਹੋਇਆ ਇਹ ਸ਼ਬਦ ਭਖੇ ਭਗਤੇ ਨੂੰ ਕਹਿ ਰਿਹਾ ਸੀ, ਮਗਰ 'ਕੰਵਰ' ਸੋਹਣੀ ਚੀਨੀ ਦੇ ਦਰਸ਼ਨ ਕਰ, ਜਲਵਾ ਤਕ ਉਸ ਨੂੰ ਸੰਬੋਧਨ ਕਰਿਆ ਜੋ ਕਹਿ ਰਿਹਾ ਸੀ, ਉਹ ਮੇਰੇ ਕੰਨਾਂ ਵਿਚ ਇਉਂ ਸੁਣਾਈ ਦੇ ਰਿਹਾ ਹੈ—

ਤੇਰਾ ਚਰਨ ਉਹ ਹਥ ਕਰਤਾਰ ਦਾ ਸੀ,
ਜਿਸ ਧਰਤ ਦਾ ਧੜਕਣਾ ਬੰਦ ਕੀਤਾ।
ਜਿਸ ਜਗਾ ਤੇ ਚੀਨੀ ਦੀ ਖ਼ਾਰੀ ਲਗੀ,
ਓਥ ਵਾਸ ਆ ਧਰਮ ਦੇ ਚੰਦ ਕੀਤਾ।
ਜਿਸ ਰਾਹ ਲੰਘੀ ਸਚੇ ਸ਼ਾਹ ਉਸਦਾ,
ਸ਼ਾਨ ਕਹਿਕਸ਼ਾਂ ਨਾਲੋਂ ਬਲੰਦ ਕੀਤਾ।
ਓਦ੍ਹੀ ਟੁਟੀ ਹੋਟੀ ਗਾਨੀ ਇਨਾਮ ਲੈਕੇ,
ਇੰਦਰ ਹੂਰਾਂ ਲਈ ਹਾਰ ਪਸੰਦ ਕੀਤਾ।

ਵਧਾਈ!

—ਵਲੋਂ—ਗਿਆਨੀ ਬਖਸ਼ੀਸ਼ ਸਿੰਘ ਜੀ 'ਸਫਰੀ'—
ਹਾਲ ਕਰੀਵਾਲਾ

ਆ ਦਿਲਾਂ ! ਉਠ ਖਾਂ ਸੁਤਿਆ,
ਹੱਥੀਂ ਕਲਮ ਉਠਾ ਲੈ ਤੂੰ।
ਸਤਿਗੁਰ ਜੀ ਦੇ ਜੀਵਨ ਤੇ
ਕੁਛ ਪੂਰਨੇ ਅੜਿਆ ਪਾ ਲੈ ਤੂੰ।
ਵਗ ਹਵਾਈ ਸੁਰਤਾਂ ਨੂੰ,
ਦਰ ਓਦ੍ਹੇ ਤੇ ਪਹੁੰਚਾ ਲੈ ਖਾਂ।
ਨਾਮ ਮਜੀਠ ਰੰਗਣ ਵਿਚ,
ਗਤਾ ਆ ਹੁਣ ਲਾ, ਲੈ ਖਾਂ।
ਜਿਧ ਦੇ ਆਇਆ ਦਰ ਤੇ ਉਤੇ
ਬਰਕਤ ਪਈ ਸਜਦੇ ਕਰਦੀ ਏ।
ਸ਼ਾਂਤੀ ਪਈ ਝਾੜੂ ਦੇਂਦੀ ਏ,
ਤੇ ਰਹਿਮਤ ਪਾਣੀ ਭਰਦੀ ਏ।
ਕਰਾਮਾਤ ਦਲੀਚਾਂ ਜੂਮਦੀ ਏ,
ਗੰਭੀਰਤਾ ਭਰੇ ਪੈਮਾਨੇ ਨੇ।
ਚੇਹਰੇ ਤੇ ਜ਼ੋਰ ਜਲਾਲ ਵਸੇ,
ਬਖਸ਼ੀਸ਼ ਦੇ ਭਰੇ ਖਜਾਨੇ।
ਸਖਣੇ ਓਹ ਭਾਂਡੇ ਭਰ ਦੇਵੇ,
ਜਾਂ ਨਜਰ ਉਠਾਂਦ ਮੇਹਰਾ ਦੀ।
ਸਭ ਟੋਏ ਟਿਬੇ ਢਹਿੰਦੇ ਨੇ,
ਕੀ ਤਾਕਤ ਐਰਾਂ ਗੈਰਾਂ ਦੀ।
ਓਸ ਚੋਜੀ ਦੇ ਨੇਕਾਂ ਚੋਜਾਂ ਨੂੰ,
ਕੀ ਦਸੇ ਕਲਮ ਏ ਸ਼ੇਰਾਂ ਦੀ।
'ਰਾਏ' ਨੂੰ ਰਾਈ ਕੀਤਾ ਏ,
ਰੀਹ ਤਾਕਤ ਮੂਲ ਨਾ ਸ਼ੇਰਾਂ ਦੀ।

ਨੈਣੇ ਦੇ ਨੈਨ ਨਿਹਾਰਨ ਨੂੰ,
ਹਥ ਕਹਾੜਾ ਫੜਿਆ ਏ।
ਕਹਿ ਵਲ ਵਿੰਗ ਡੇਰੇ ਕਡਣ ਨੇ,
ਇਕ ਪੱਟ ਦੇ ਉਪਰ ਜੜਿਆ ਏ।
ਪਾਰਸ ਨੇ ਪਾਰਸ ਕਰ ਦਿਤਾ,
ਜਾਂ ਪਟ ਦੇ ਨਾਲ ਛੁਹਾਇਆ ਏ।
ਗੰਗਾ ਦੇ ਜਾ ਕਨਾਰ ਤੇ,
ਇਕ ਨਵਾ ਹੀ ਸਾਂਗ ਰਚਾਇਆ ਏ।
ਲਟ ਲਟ ਕਰਦੇ ਅੰਗੀਠੇ ਵਿਚ,
ਦੇਵੀ ਦਾ ਬੈਠਾ ਸੱਚਾ ਏ।
ਸੋਹਬ ਜੀ ਸਾਹਿਬੋਂ ਕਹਿੰਦੇ ਨੇ,
ਗੋਦੀ ਵਿਚ ਲੀਤਾ ਬੱਚਾ ਏ।
ਮਾਰ ਚੌਂਕੜਾ ਉਹ ਮਸਤਾਨੀ ਅਜ,
ਰਾਮ ਰਾਮ ਵਿਚ ਰਮਲੀ ਏ॥
ਓਸ ਦੇ ਦੁਖ ਨਿਵਾਰਣ ਨੂੰ,
ਸਾਹਿਬ ਨੇ ਪਾਈ ਕਮਲੀ ਏ॥
ਜੋਬਨ ਖੇੜਾ ਖਿੜਿਆ ਏ,
ਹਰ ਪਾਸੇ ਰੌਣਕ ਛਾਈ ਏ।
ਖਿਲ ਖਿਲ ਗੁੰਚੇ ਹਸਦੇ ਨੇ,
ਖੁਸ਼ੀਆਂ ਨੇ ਮਹਿਫਲ ਲਾਈ ਏ।
ਲੋਟ ਪੋਟ ਹੋਏ ਗੌਂਦੇ ਭੌਰੇ,
ਕਹਿਣ ਵਾਹਵਾ ! ਆਇਆ ਮਾਹੀ ਏ।
ਸਭ ਸੰਗਤ ਮਾਈ ਭਾਈ ਨੂੰ,
ਦੇਂਦਾ "ਬਖਸ਼ੀਸ਼" ਵਧਾਈ ਏ।

Sri Satguru Jagjit Singh Ji Elibrary NamdhariElibrary@gmail.com

ਧੰਨ ਤੂ ਤੇ ਤੇਰੀ ਕਮਾਈ ਬਾਬਾ !

[ਵਲੋਂ:—ਸ੍ਰੀਮਾਨ ਸੰਤ ਸਰਦਾਰਾ ਸਿੰਘ ਜੀ 'ਜੋਸ਼' ਸੁਰਜ ਪੁਰ (ਪੇਪਸੂ,]

ੴ

[ਇਹ ਕਵਿਤਾ ਸਾਡੇ ਵੀਰ 'ਜੋਸ਼' ਜੀ ਨੇ ਸਤਿਗੁਰੂ ਜੀ ਦੇ ਸ਼ੁਭ ਆਗਮਨ ਸਮੇਂ ਪੜ੍ਹੀ ਸੀ, ਭਾਵੇਂ ਉਹ ਨਾਮਧਾਰੀ ਅਕੀਦੇ ਦੇ ਨਹੀਂ ਹਨ, ਮਗਰ ਜੋ ਉਨ੍ਹਾਂ ਅੰਦਰ ਸ੍ਰੀ ਸਤਿਗੁਰੂ ਜੀ ਦੇ ਵਾਸਤੇ ਸਰਧਾ ਤੇ ਪਿਆਰ ਹੈ, ਪਾਠਕ ਜਨ ਓਸੇ ਭਾਵ ਨਾਲ ਇਸ ਕਵਿਤਾ ਨੂੰ ਵਾ:ਚਣ ਦੀ ਕੋਸ਼ਿਸ਼ ਕਰਨ ।) —ਐਡੀਟਰ

ਸ਼ੁਭ ਦਿਨ, ਸ਼ੁਭ ਘੜੀ, ਸ਼ੁਭ ਪਲ ਅੰਦਰ, ਅਜ ਆਪ ਨੇ ਲਿਆ ਅਵਤਾਰ ਬਾਬਾ ।
ਤਪਦੀ ਧਰਤੀ ਦੇ ਕਾਲਜੇ ਠੰਢ ਪੈ ਗਈ, ਖੇੜਾ ਖੁਸ਼ੀਆਂ ਦਾ ਦਿਤਾ ਖਲਾਰ ਬਾਬਾ ।
ਦੇਵੀ ਦੇਵਤੇ ਫੁਲ ਬਰਸੌਣ ਲਗੇ, ਹੋਈ ਜਗ ਅੰਦਰ ਜੈ ਜੈਕਾਰ ਬਾਬਾ ।
'ਭੈਣੀ ਸਾਹਿਬ' ਦੇ ਭਾਗ ਤਾਂ ਜਾਗਣੇ ਸੀ, ਜਾਗ ਉਠਿਆ ਕੁਲ ਸੰਸਾਰ ਬਾਬਾ ।
ਭੀੜ ਦਰ ਤੇ ਲਗੀ ਏ ਦਰਸ਼ਕਾਂ ਦੀ, ਦੇ ਰਹੇ ਵਧਾਈ ! ਵਧਾਈ !! ਬਾਬਾ !!!
ਤੇਰੇ ਚਰਨਾਂ ਤੇ ਮਸਤਕ ਪਏ ਵੇਣ ਸਾਡੇ, ਧੰਨ ਤੂੰ ਤੇ ਤੇਰੀ ਕਮਾਈ ਬਾਬਾ !

ਬਾਲ—ਪਨ ਵਿਚ ਭਗਤੀ ਦਾ ਸ਼ੌਕ ਉਠਿਆ, ਨਾਮ ਜਪਣਾ ਅਤੇ ਜਪਾਈ ਜਾਣਾਂ ।
ਦਸਾਂ—ਨੌਂਹਾਂ ਦੀ ਕਿਰਤ ਕਮਾਈ ਵਿਚੋਂ, ਵੰਡ ਛਕਣਾਂ ਅੰਤ ਛਕਾਈ -ਾਣਾਂ ।
ਭੁਖਿਆਂ ਨੰਗਿਆਂ ਦੀ ਸਦਾ ਮਦਦ ਕਰਨੀ, ਘੁਟ ਕੇ ਛਾਤੀ ਗ਼ਰੀਬਾਂ ਨੂੰ ਲਾਈ ਜਾਣਾਂ ।
ਊਚ ਨੀਚ ਦੇ ਭੂਤ ਨੂੰ ਦੂਰ ਕਰਦੇ, ਭਾਈ ਭਾਈ ਨੂੰ ਗਲੇ ਮਲਾਈ ਜਾਣਾਂ ।
ਖਿੱਚੀ ਆ ਗਈ ਲਖਾਂ ਹੀ ਖਲਕ ਪਿਛੇ, ਜੇਹੀ ਨਾਮ ਦੀ ਲਹਿਰ ਚਲਾਈ ਬਾਬਾ !
ਹਿੰਦੁਸਤਾਨ ਸਾ-ਾ ਅਜ ਇਹ ਕਹਿ ਰਿਹਾਏ, ਧੰਨ ਤੂੰ ਤੇ ਤੇਰੀ ਕਮਾਈ ਬਾਬਾ !

ਸੱਚੇ ਨਾਮ ਦੀ ਦੇਖਕੇ ਸ਼ਮ੍ਹਾਂ ਜਗਦੀ, ਸੀਸ ਭੇਟ ਲੈ ਲਖਾਂ ਪ੍ਰਵਾਨੇ ਆ ਗਏ ।
ਘੁਟ ਘੁਟ ਮੌਤ ਨੂੰ ਜਫੀਆਂ ਪੌਣ ਵਾਲੇ, ਤੇਰੇ ਦਰ ਤੇ ਕੂਕੇ ਦੀਵਾਨੇ ਆ ਗਏ :
ਮਸਤੀ ਨਾਮ ਦੀ ਜਿਨ੍ਹਾਂ ਤੇ ਚੜ੍ਹੀ ਰਹਿੰਦੀ, ਨਾਮਧਾਰੀ ਏ ਮਸਤਾਨੇ ਆ ਗਏ ।
ਮੂੰਹ ਮੋੜਦੇ ਔਕੜਾਂ ਮੁਸ਼ਕਲਾਂ ਦੇ, ਭੈਣੀ ਸਾਹਿਬ ਵਲ ਗੌਂਦੇ ਤਰਾਨੇ ਆ ਜਾਏ ।
ਸੁਕੇ ਹਰੇ ਤੇ ਉਜੜੇ ਆਬਾਦ ਹੋ ਰ:ਏ, ਜਿਧਰ ਮਿਹਰ ਦੀ ਨਿਗਾਹ ਭਵਾਈ ਬਾਬਾ !
ਅਰਸ਼ਾਂ ਕੁਰਸ਼ਾਂ ਚੋਂ 'ਇਹੋ' ਆਵਾਜ਼ ਔਂਦੀ, ਧੰਨ ਤੂੰ ਤੇ ਤੇਰੀ ਕਮਾਈ ਬਾਬਾ !

ਜਿਸ ਅੰਗ੍ਰੇਜ਼ ਤੋਂ ਡਰਦੀ ਸੀ ਕੁਲ ਦੁਨੀਆਂ, ਉਸ ਜਾਬਰ ਨੂੰ ਕਾਂਬਾ ਚੜ੍ਹਾਇਆ ਸੀ।
ਜਿਸ ਨੂੰ ਮਾਣ ਸੀ ਆਪਣੇਂ ਰਾਜ ਉਤੇ, ਉਹਦੇ ਰਾਜ ਦਾ ਤਖਤਾ ਹਿਲਾਇਆ ਸੀ।
ਜਿਸ ਨੇ ਬਾਗ਼ੀ ਸੀ ਤੈਨੂੰ ਕਰਾਰ ਦਿਤਾ, ਉਸ ਜ਼ਾਲਮ ਤੋਂ ਨਹੀਂ ਘਬਰਾਇਆ ਸੀ।
ਦੁਨੀਆਂ ਝੁਕ ਝੁਕ ਸੀ ਜਿਹਨੂੰ ਸਲਾਮ ਕਰਦੀ, ਉਹਦੇ ਅਗੇ ਨਾਂ ਸੀਸ ਝੁਕਾਇਆ ਸੀ।
ਲਖਾਂ ਦੁਖ ਤਸੀਹੇ ਤੂੰ ਸਹੇ ਹਸਕੇ, ਜਿੰਦ ਹਿੰਦ ਤੋਂ ਘੋਲ ਘੁਮਾਈ ਬਾਬਾ!
ਬੱਚੇ ਬੱਚੇ ਦੇ ਹਿਰਦੇ ਚੋਂ ਇਹੋ ਨਿਕਲੇ, ਧੰਨ ਤੂੰ ਤੇ ਤੇਰੀ ਕਮਾਈ ਬਾਬਾ!

--:o:--

ਬਾਈਕਾਟ ਬਦੇਸ਼ੀ ਦਾ ਜਿਹਾ ਕੀਤਾ, ਗੋਰੇ ਹਾਕਮ ਨੂੰ ਵਿਪਦਾ ਵਿਚ ਪਾ ਛਡਿਆ।
ਆਪਣੇ ਦੇਸ਼ ਦਾ ਕਤਿਆ ਬਣੋਂ ਪਹਿਨੋ, ਸਬਕ ਸੇਵਕਾਂ ਤਾਈ ਪਕਾ ਛਡਿਆ।
ਦੇਸ਼ ਗੈਰਾਂ ਦੇ ਹਥੋਂ ਆਜ਼ਾਦ ਕਰਨਾ, ਨਾਹਰਾ ਇਨਕਲਾਬ ਦਾ ਲਾ ਛਡਿਆ।
ਈਨ ਕਦੇ ਅੰਗ੍ਰੇਜ਼ ਦੀ ਮੰਨਣੀ ਨਹੀਂ, ਘਰ ਘਰ ਉਪਦੇਸ਼ ਪਹੁੰਚਾ ਛਡਿਆ।
ਦੇਸ਼-ਭਗਤ ਬਣਕੇ ਕੀਤੀ ਦੇਸ਼ ਸੇਵਾ, ਦੇਸ਼-ਧ੍ਰੋਹੀਆਂ ਦੀ ਸਫ਼ਾ ਉਠਾਈ ਬਾਬਾ!
ਸਿਖ ਧਰਮ ਤੇ ਆਂਚ ਨ ਔਣ ਦਿਤੀ, ਧੰਨ ਤੂੰ ਤੇ ਤੇਰੀ ਕਮਾਈ ਬਾਬਾ!

----o:---

ਭਗਤੀ-ਭਾਉ ਵਾਲੇ ਲਖਾਂ ਸ਼ੇਰ ਤੇਰੇ, ਗਰਜਾਂ ਚਾਰ ਚੌਫੇਰੇ ਜਾ ਪੈਣ ਲਗੇ।
ਬੁਚੜਾਂ ਅਤੇ ਕਸਾਈਆਂ ਦੀ ਛੁਰੀ ਹੇਠੋਂ, ਲਖਾਂ ਗਊਆਂ ਬੇ-ਦੋਸ਼ ਛਡੌਣ ਲਗੇ।
ਹੰਕੜ-ਬਾਜ਼ ਅੰਗਰੇਜ਼ ਨੇ ਪਿਠ੍ਹਆਂ ਦੇ, ਸਿਰ ਤੇਗਾਂ ਤੇ ਜਦੋਂ ਨਚੌਣ ਲਗੇ।
ਵਿਪਦਾ ਪਈ ਨਵਾਬਾਂ, ਰਜਵਾੜਿਆਂ ਤੇ, 'ਕੂਕੇ' ਕਰਬਲ੍ਹਾ ਜਦੋਂ ਮਚੌਣ ਲਗੇ।
'ਬਾਗ਼ੀ ਆਖ ਅੰਗ੍ਰੇਜ਼ ਨੇ ਲਾਇਆ ਫਤਵਾ, 'ਜਲਾਵਤਨ' ਦੀ ਸਜ਼ਾ ਸੁਣਾਈ ਬਾਬਾ!
ਹਸ ੨ ਵਤਨ ਉਤੋਂ ਆਪਾ ਵਾਰ ਦਿਤਾ, ਧੰਨ ਤੂੰ ਤੇ ਤੇਰੀ ਕਮਾਈ ਬਾਬਾ!

--o:--

ਹਿੰਦੋ ਟੁਰਨ ਲਗਿਆਂ ਤੁਸਾਂ ਆਖਿਆ ਸੀ, ਛੇਤੀ ਪਰਤਕੇ ਵਤਨ ਨੂੰ ਆਊਂਗਾ ਮੈਂ।
ਮੇਰਾ ਬਾਲ-ਵਿੰਗਾ ਕੋਈ ਨਹੀਂ ਕਰ ਸਕਦਾ, ਜ਼ੁਲਮ ਸਦਾ ਦੀ ਨੀਂਦਰ ਸੁਲਾਊਂਗਾ ਮੈਂ।
ਮੈਨੂੰ ਕਦ ਅੰਗ੍ਰੇਜ਼ ਨਹੀਂ ਵਸ ਸਕਦਾ, ਬਿਸਤ੍ਰ ਇਹਦਾ ਵਲਾਇਤ ਪਹੁੰਚਾਊਂਗਾ ਮੈਂ।
ਪੱਤ੍ਰੇ, ਪਾਪ ਅਨਿਆਏ ਦੇ ਝਾੜ ਸਾਰੇ, ਹਿੰਦ ਆ ਬਸੰਤ ਮਨਾਊਂਗਾ ਮੈਂ।
'ਜੋਸ਼' ਵੇਖ ਆਕੇ ਕਿਵੇਂ ਸੰਗਤਾਂ ਨੇ, ਤੇਰੇ ਰਾਹਾਂ ਤੇ ਨਿਗਾਹ ਟਿਕਾਈ ਬਾਬਾ!
ਸਤਿਗੁਰ ਰਾਮ ਸਿੰਘ ਜੀ ਅਸ਼ ੨ ਕਹਨ ਸਾਰੇ, ਧੰਨ ਤੂੰ ਤੇ ਤੇਰੀ ਕਮਾਈ ਬਾਬਾ!

-:-:o:-:-

ਕੰਬਲੀ!

(ਸੰ: ਨਰੰਜਣ ਸਿੰਘ ਜੀ "ਮਰਹੋਸ਼"

ਕੰਬਲੀ ਕੌਣ ਪੁੰਨ ਏਵਡ ਕੀਤੇ, ਜੋ ਰਾਮ ਤਨੇ ਲਗ ਰਹਿੰਦੀ,—ਪਲਕ ਨ ਲਹਿੰਦੀ।
ਤਨ, ਮਨ, ਧਨ ਸਭ ਰਾਮ ਹਵਾਲੇ, ਦੁਖ ਭੁਖ ਬਿਪਤਾ ਸਹਿੰਦੀ —ਚਰਨੀ ਢਹਿੰਦੀ।
ਰੋਮ ਰੋਮ ਦਾ ਤਕ ਨਜ਼ਾਰਾ, ਪਲ ਪਲ ਉਠਦੀ ਬਹਿੰਦੀ,—ਗਲ ਲਗ ਬਹਿੰਦੀ।
ਨਾਰਦ, ਸਾਰਦ, ਢੂੰਢਨ ਜਿਸਨੂੰ, ਉਸ ਚਰਨ ਕਮਲ, ਲਗ ਰਹਿੰਦੀ--ਕਰ ਜਿਓਂ ਮਹਿੰਦੀ।

Sri Satguru Jagjit Singh Ji Elibrary NamdhariElibrary@gmail.com

ਦਰਸ਼ਨਾਂ ਦੀ ਉਡੀਕ !

ਵਲੋਂ:-ਬੀਬੀ ਕਰਤਾਰ ਕੌਰ ਪਦਮ ਪਰ
ਰਾਜਸਥਾਨ।

ਛੇਤੀ ਛੇਤੀ ਆ ਗੁਰੂਆ,
ਮੁਦਤਾਂ ਗੁਜ਼ਰ ਗਈਆਂ,
ਆਕੇ ਦਰਸ ਦਿਖਾ ਗੁਰੂਆ।
ਤੁਸੀਂ ਕਹਿਦੇ ਸੀ ਆਵਾਂਗੇ,
ਜਦ ਜ਼ੁਲਮ ਦੀ ਹਦ ਮੁਕ ਗਈ,
ਤਦ ਫੇਰਾ ਪਾਵਾਂਗੇ।
ਹੁਣ ਛੇਤੀ ਆ ਗੁਰੂਆ,
ਜ਼ੁਲਮ ਕਸ਼ਟ ਦੇ ਤਾਈ,
ਤੂੰ ਆਕੇ ਮਿਟਾ ਗੁਰੂਆ।
ਤੁਸਾਂ ਪਰਦੇਸਾਂ ਨੂੰ ਫੜ ਛਡਿਆ,
ਮੰਦਾ ਹਾਲ ਵਤਨਾਂ ਦਾ,
ਸਾਨੂੰ ਵਿਯੋਗੀ ਕਰ ਛਡਿਆ।
ਉਡਦਾ ਫਾਲੂਸ ਪਿਆ,
ਤੇਰੀ ਨਿਤ ਦੀਆਂ ਉਡੀਕਾਂ ਨੇ,
ਸਾਡਾ ਲਹੂ ਭੀ ਚੂਸ ਲਿਆ।
ਹੁਣ ਇਸ ਸ਼ਰਤ ਤੇ ਆ ਗੁਰੂਆ
ਕਈ ਲੱਖ ਭੋਗ ਪੈ ਗਏ,
ਹੁਣ ਦਰਸ ਦਿਖਾ ਗੁਰੂਆ।
ਸੁਰਮੇ ਦੀਆਂ ਦੋ ਡਲੀਆਂ,
ਸਿੱਕ ਨੂੰਰੀ ਦਰਸ਼ਨ ਦੀ,
ਸੰਗਤਾਂ ਉਡੀਕਨ ਖਲੀਆ।
ਹਨੇਰਾ ਜ਼ੁਲਮ ਦੀ ਵਹਿੰਦ ਏ,
ਇਕ ਨੂੰਰੀ ਦਰਸ਼ ਬਾਝੋਂ,
ਸਾਡੀ ਭੁਖ ਵੀ ਨ ਲਹਿੰਦੀ ਏ।
ਅਰਸ਼ੋਂ ਪੁਸ਼ਪ ਪਏ ਵਰ੍ਹਦੇ ਨੇ,
ਤੇਰੇ ਵਰ੍ਹੇ ਗੰਢ ਆਵਨੇ ਦੀ,
ਕੂਕੇ ਖੁਸ਼ੀਆਂ ਪਏ ਕਰਦੇ ਨੇ।

ਬਸੰਤ ਦਾ ਝੇੜਾ

(ਵਲੋਂ ਬੀਬੀ ਗੁਰਬਚਨ ਕੌਰ , ਸਮਾਨਾ (ਪੈਪਸੂ)

ਮੈਂ ਆਈ ਨਿਕਰਮਣ ਹਾਂ ਸਾਲ ਪਿਛੋਂ,
ਆਪਣਾ ਵਹਿਦਾ ਪੂਰਾ ਕਰ ਆਏ ਵੀ ਨਹੀਂ।
ਆਈ ਕਲੀ ਹਾਂ ਤੁਸੀਂ ਪਏ ਵੇਖਦੇ ਹੋ,
ਆਪਣੇ ਪ੍ਰੀਤਮ ਨੂੰ ਨਾਲ ਲਿਆਈ ਭੀ ਨਹੀਂ।
ਜੇਹੜੀ ਖੁਸ਼ੀ ਨੂੰ ਤੁਸੀਂ ਉਡੀਕਦੇ ਸੋ,
ਉਹ ਖੁਸ਼ੀ ਤੁਹਾਡੀ ਅਜੇ ਆਈ ਵੀ ਨਹੀਂ।
ਨਾ ਆਸ ਬਸੰਤ ਦੀ ਹੋਈ ਪੂਰੀ,
ਤੁਸਾਂ ਸੱਧਰਾਂ ਦੀ ਖੁਸ਼ੀ ਮਨਾਈ ਵੀ ਨਹੀਂ।
ਅਜ ਆਉਂਦੀ ਬਸੰਤ ਜੇ ਨਾਲ ਪ੍ਰੀਤਮ,
ਸਾਰਾ ਪੰਥ ਹੀ ਮੈਨੂੰ ਪਿਆਰ ਕਰਦਾ।
ਜਿਸ ਪ੍ਰੀਤਮ ਦੇ ਦਰਸ਼ਨ ਨੂੰ ਲੋਚਦੇ ਹੋ,
ਉਸਦਾ ਦਰਸ਼ ਅਜ ਸਾਰਾ ਸੰਸਾਰ ਕਰਦਾ।
ਜਿਹਨੂੰ ਤਾਹਨੇ ਤੇ ਮੇਹਣੇ ਅੱਜ ਵਜਦੇ ਨੇ,
ਸਾਰਾ ਜਗ ਹੀ ਇਹਦਾ ਸਤਕਾਰ ਕਰਦਾ।
ਅਜ ਉਹਦੇ ਹਾਂ ਚਰਨਾਂ ਵਿਚ ਹੁੰਦੀ ਹਾਜ਼ਰ,
ਸਾਰਾ ਪੰਥ ਜੈਕਾਰ ਜੈਕਾਰ ਕਰਦਾ।
ਤੁਸੀਂ ਤਾਹਨੇ ਬਸੰਤ ਨੂੰ ਦੇਵੋਗੇ ਸਹੀ,
ਇਹਨਾਂ ਤਾਹਨਿਆਂ ਨੂੰ ਕਿਵੇਂ ਮੋੜ ਦੇਵਾਂ।
ਵੈਹਦੇ ਕਰਨੀਆਂ ਪ੍ਰੀਤਮ ਦੇ ਆਉਣ ਵਲੇ,
ਕਿਵੇਂ ਆਸਾਂ ਦੇ ਫੁਲ ਮਰੋੜ ਦੇਵਾਂ।
ਮਾਲਾ ਆਸ ਵਾਲੀ ਦੇ ਗਏ ਪ੍ਰੀਤਮ,
ਹਥੀਂ ਆਪਣੀ ਕਿਵੇਂ ਤਰੋੜ ਦੇਵਾਂ।
ਵਾਹਦੇ ਕਰਨੀਆਂ ਪੀਤਮ ਜੀ ਆਵਉਣੇ ਦੇ,
ਕਿਵੇਂ ਸਧਰਾਂ ਦਿਲੋਂ ਵਿਛੋੜ ਦੇਵਾਂ।

ਵਧਾਈ

ਤਰੇਤੇ ਦਾ ਮਾਲਕ, ਸ੍ਰੀ ਰਾਮਾ ਅਵਤਾਰ।
ਕਲਿਜੁਗ ਦੇ ਬੋਹਿਥ, ਹਰੀ ਜਸਾ ਕੁਮਾਰ।
ਸ੍ਰੀ ਮਾਤਾ ਜੀ ਸੱਦਾ, ਕੌਸ਼ਲਿਆ ਅਪਾਰ।
ਪੰਚਮੀ ਸੀ ਮਾਘੋਂ, ਬਸੰਤੀ ਗੁਲਜ਼ਾਰ।
ਸਤਿਗੁਰੂ ਰਾਮ ਸਿਘ, ਪ੍ਰਗਟੇ ਸੰਸਾਰ।
ਨਰੀ ਨੇ ਚਮਕਾਂ, ਜਲਵਾ ਅਪਾਰ।
ਖੁਸ਼ੀਆਂ ਨੇ ਘਰ ਘਰ, ਜਾਵਾਂ ਬਲਿਹਾਰ।
(ਗੁਪਤ) ਵਧਾਈ, ਹੈ ਸਾਰੇ ਸੰਸਾਰ।

ਰਾਮ ਰਾਮ ਹੋਈ ਅਜ ਵਿਚ ਸੰਸਾਰ ਦੇ !

[ਸੰਤ ਜੁਆਲਾ ਸਿੰਘ ਜੀ "ਸੇਵਕ" ਰੋਪੜ

ਫੁਲ ਫੁਲ ਫੁਲਾਂ ਨਾਲ ਬੂਟੇ ਫੁਲਵਾੜੀ ਦੇ,
ਖੁਸ਼ੀ ਹੋ ਹੋ ਝੂਮਦੇ ਨੇ ਵਿਚ ਗੁਲਜ਼ਾਰਦੇ।
ਗੇਂਦਾ ਤੇ ਗੁਲਾਬ ਚੰਬਾ ਮੋਤੀਆ ਚੰਬਲੀ ਫੁਲੀ,
ਫੁਲੀ ਗੁਲ ਪੇਂਜ਼ੀ ਤੇ ਫੁਲ ਕਚਨਾਰਦੇ।
ਸਰੂ ਭੀ ਸਰੂਰ ਵਿਚ ਸਤਿ ਸਤਿ ਆਖਦਾ ਏ,
ਰੰਗ ਢੰਗ ਦੇਖ ਚੜ੍ਹਾ ਅੰਬ ਤੇ ਅਨਾਰਦੇ।
ਸੰਤਰਾ ਤੇ ਕੇਲਾ ਸਾਥ ਲੈਕੇ ਅੰਗੂਰ ਤਾਈਂ,
ਮਿਠੇ ਰ ਮਾਲਟੇ ਤਾਈ ਅਰਜ਼ ਗੁਜ਼ਾਰਦੇ !
ਅਜ ਜਿਹੜਾ ਖੁਸ਼ੀ ਦੇ ਦਿਹਾੜਾ ਆਇਆ ਹਿੰਦ ਉਤੇ
ਨੂਰੀ ਚੰਦ ਚੜ੍ਹਿਆ ਏ ਵਿਚ ਸੰਸਾਰਦੇ।
ਸਰਸੋਂ ਭੀ ਫੁਲੀ ਤੇ ਬਸੰਤ ਦੇ ਤਹਿਵਾਰ ਆਇਆ
ਗਾਉਂਦੇ ਨੇ ਬਸੰਤ ਰਾਗੀ ਤੇਰੇ ਦਰਬਾਰਦੇ।
ਪਤਾ ਨਹੀਂ ਜਹਾਨ ਵਿਚ ਕਿਉਂ ਖੁਸ਼ੀ ਸਮਾਈ ਐਨੀ,
ਗਊ ਤੇ ਗ਼ਰੀਬ ਸਾਰੇ ਤੈਨੂੰ ਹੀ ਪੁਕਾਰਦੇ।
ਡੁਬੀ ਹੋਈ ਸਿਖੀ ਦੇ ਭਾਗ ਨੇ ਜਗਾ ਦਿਤੇ,
ਸਦ ਬਲਿਹਾਰ ਜਾਵਾਂ ਚੀਨੀ ਅਸਵਾਰਦੇ।
ਨਿੰਮੀ ਨਿੰਮੀ ਪੌਣ ਅਜ ਕਰਦੀ ਹੈ ਚੌਰ ਤੈਨੂੰ,
ਹੋਏ ਪ੍ਰਸਨ ਮਨ ਨਰ ਅਤੇ ਨਾਰਦੇ।
ਭੌਰਾ ਭਗਵਾਨ ਦਾ ਭਜਨ ਕਰੇ ਭੌਣੀ ਵਿਚ,
ਮਿਠੇ ਮਿਠੇ ਗੀਤ ਗਾਵੇ ਰੱਬੀ ਅਵਤਾਰਦੇ।
ਤੋਤੀ ਤੂ ਹੀ ਤੂ ਕਰੇ ਅਰਸ਼ੀ ਪ੍ਰੀਤਮਾਂ ਦੇ,
ਬੋਲੀ ਬੁਲਬੁਲ ਬੋਲ ਮਾਹੀ ਦਿਲਦਾਰਦੇ।
ਪੀਆ ਪੀਆ ਅਜ ਹੈ ਪਪੀਹਾ ਭੀ ਕਰਨ ਲਗਾ
ਪਾਉਣ ਮੋਰ ਪੈਲਾਂ ਵਿਚ ਪੀਆ ਦੇ ਪਿਆਰਦੇ।
ਸੁਤ ਜੱਸਾ ਸਿੰਘ ਕੁਲਤਾਰ ਅਵਤਾਰ ਆਇਆ,
'ਸੇਵਕ ਨਰਾਸੇ ਤਾਈਂ' ਆਕੇ ਦਾਤਾ ਤਾਰਦੇ।
ਗ਼ਰੀਬ ਮਜ਼ਲੂਮ ਦੁਖੀ ਸਾਰੇ ਨੇ ਆਜ਼ਾਦ ਹੋਏ,
ਲੱਖਾਂ ਹੀ ਸ਼ੁਕਰ ਮਾਤਾ ਸਦਾ ਦਾ ਗੁਜ਼ਾਰਦੇ।
ਕਲਜੁਗ ਵਿਚ ਸਤਿਜੁਗ ਵਰਤਾ ਦਿਤਾ,
ਸਦਕੇ ਮੈਂ ਜਾਵਾਂ ਗੁਰੂ ਬਾਹਰਮ ਅਵਤਾਰਦੇ।
ਅੰਧ ਘੋਰ ਗਿਆ ਹੋਈ ਰੋਸ਼ਨੀ ਜਹਾਨ ਵਿਚ,
ਰਾਮ ਰਾਮ ਹੋਈ ਅਜ ਵਿਚ ਸੰਸਾਰ ਦੇ।

Sri Satguru Jagjit Singh Ji Elibrary NamdhariElibrary@gmail.com

ਭਾਰਤ ਵਾਸੀਆਂ ਨੂੰ ਵਧਾਈ॥

ਵਲੋਂ:- ਸ੍ਰੀਮਾਨ ਮਹੰਤ ਭਗਤ ਰਾਮ ਮੁਸਾਫਰ ਜਨਰਲ ਸੈਕਟਰੀ ਉਦਾਸੀਨ ਮੰਡਲ
ਜ਼ਿਲਾ ਜਾਲੰਧਰ ਚੀਫ ਐਡੀਟਰ "ਮਹਾਤਮਾ" ਸਪਤਾਹਿਕ ਅੰਮ੍ਰਿਤਸਰ।

ਜਿਸ ਵੇਲੇ ਸੰਸਾਰ ਅੰਦਰ ਅਤਿਆਚਾਰ ਵਧ ਜਾਂਦਾ ਹੈ ਭਗਤਾਂ ਤੇ ਸਾਧੂ ਮਹਾਤਮਾਂ ਨੂੰ ਦੁਸ਼ਟ ਦੁਖ ਦੇਣ ਲਗ ਜਾਂਦੇ ਹਨ ਅਤੇ ਕਈ ਪਕਾਰ ਦੇ ਹੋਰ ਭੀ ਉਪੱਦ੍ਰਵ ਹੋਣ ਲਗ ਜਾਂਦੇ ਹਨ ਤਾਂ ਉਸ ਵੇਲੇ ਭਗਵਾਨ ਕੋਈ ਨ ਕੋਈ ਰਹਿਬਰ ਭੇਜਕੇ ਵਧ ਰਹੇ ਅਨਰਥ ਦਾ ਅੰਤ ਕਰਵੇਂਦਾ ਹੈ, ਇਸੀ ਤਰਾਂ ਜਿਸ ਵੇਲੇ ਭਾਰਤ ਗੁਲਾਮੀ ਦੇ ਜੰਜੀਰਾਂ ਵਿਚ ਜਕੜਿਆ ਗਿਆ ਸੀ, ਸੱਤ ਅਸੱਤ ਨੂੰ ਇਕ ਨਿਗਾ ਨਾਲ ਦੇਖਿਆ ਜਾਣ ਲਗਾ ਸੀ ਤਾਂ ਠੀਕ ਉਸ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਬਸੰਤ ਪੰਚਮੀ ਦੇ ਸ਼ੁਭ ਦਿਹਾੜੇ ਆਪਣੇ ਮੁਬਾਰਕ ਕਦਮ ਭਾਰਤ ਦੀ ਧਰਤੀ ਵਚ ਰਖੇ। ਅਤੇ ਉਸ ਸਮੇਂ ਦੀ ਸਾਮਰਾਜੀ ਹਕੂਮਤ ਜੋ ਭਾਰਤ ਵਾਸੀਆਂ ਨੂੰ ਗੁਲਾਮ ਬਣਾਕੇ ਕੁਚਲ ਰਹੀ ਸੀ, ਦੇ ਵਿਰੁਧ ਅਜ਼ਾਦੀ ਦੀ ਲਹਿਰ ਚਲਾਈ॥ ਆਪ ਨੇ ਸਭੀ ਸੇਵਕਾਂ ਦੇ ਦਿਲਾਂ ਅੰਦਰ ਉਹ ਸੁਪ੍ਰਿਟ ਲਿਆਂਦੀ ਕੇ ਜੋ ਮੁਲਕ ਲੋਕਾਂ ਹਕੂਮਤ ਨੂੰ ਦੇਸ਼ ਨਿਕਾਲਾ ਦੇਣ ਵਾਸਤੇ ਸ੍ਰੀ ਸਤਿਗੁਰੂ ਜੀ ਦੇ ਸਾਥੀ ਬਣ ਗਏ 'ਇਸ ਅਜ਼ਾਦੀ' ਦੀ ਵਧ ਰਹੀ ਲਹਿਰ ਨੂੰ ਦੇਖਕੇ 'ਰੋਬ ਪੈਦਾ' ਉਠਿਆ ਤੇ ਸ੍ਰੀ ਸਤਿਗੁਰ ਰਾਮ ਸਿੰਘ ਜੀ ਮਹਾਰਾਜ ਨੂੰ ਗ੍ਰਿਫਤਾਰ ਕਰ ਲਿਆ ਅਤੇ ਰਾਜੇ ਮਹਾਰਾਜੇ ਜਾਗੀਰਦਾਰਾਂ ਤੋਂ ਇਕ ਇਹੋ ਜਹੀ ਫਰਹਿਸਤ ਤਿਆਰ ਕਰਵਾਈ ਜਿਸਦੇ ਉਤੇ ਇਹਨਾਂ ਵਡਿਆਂ ਦੇ ਅੰਗ੍ਰੇਜ਼ ਦੇ ਪਿਠੂਆਂ ਦੇ ਦਸਤ ਅਖਰ ਸਨ ਕੇ ਸ੍ਰੀ ਮਹਾਰਾਜ ਜੀ ਨੂੰ ਜਲਾਵਤਨ ਕਰ ਦਿਤਾ ਜਾਵੇ ਇਹ ਤਰਾਂ ਇਹ ਅੰਗ੍ਰੇਜ਼ ਆਲੇ ਅਫਸਰ ਸ੍ਰੀ ਅੰਮ੍ਰਿਤਸਰ ਅਖਾੜਾ ਬ੍ਰਹਮਬੂਟਾ ਸਾਹਿਬ ਦੇ ਮਹੰਤ ਪਾਸ ਪਜ ਕੇ ਤੁਸੀਂ ਭੀ ਜੇਕਰ ਆਪਣੀ ਜਾਗੀਰ ਰਖਣੀ ਚਹੁੰਦੇ ਹੋ ਤਾਂ ਇਸ ਫਹਿਰਿਸਤ ਵਿਖ ਦਸਖਤ ਕਰ ਦਿਓ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ ਜਾਵੇ, ਉਸ ਵੇਲੇ ਅਖਾੜੇ ਦੀ ਗਦੀ ਉਤੇ ਮਹੰਤ ਬ੍ਰਹਮਬੂਟਾ ਸਾਹਿਬ ਜੀ (ਜੋ ਬਿਰਾਜਮਾਨ ਸਨ) ਜਿਹਨਾਂ ਨੇ ਬੜੀ ਦਲੇਰੀ ਨਾਲ ਆਖਿਆ ਕੇ ਅਗਰ ਅਸੀਂ ਸਤਿਗੁਰੂ ਰਾਮ ਜੀ ਦੇ ਸਾਥੀ ਬਣਕੇ ਅਜ਼ਾਦੀ ਦੀ ਲਹਿਰ ਲਈ ਮਰ ਮਿਟ ਨਹੀਂ ਸਕਦੇ ਤਾਂ ਇਹ ਕਦੇ ਭੀ ਨਹੀਂ ਹੋ ਸਕਦਾ ਕੇ ਮੈਂ ਇਸ ਲਈ ਦਸਖਤ ਕਰਾਂ ਕੇ ਸ੍ਰੀ ਮਹਾਰਾਜ ਜੀ ਨੂੰ ਜਲਾਵਤਨ ਕੀਤਾ ਜਾਵੇ, ਮੇਰੀ ਭਾਵੇਂ ਸਾਰੀ ਜਾਗੀਰ ਜਬਤ ਕਰ ਲਈ ਜਾਵੇ ਪਰ ਮੈਂ ਦਸਖਤ ਨਹੀਂ ਕਰਾਂਗਾ। ਵਲੋਂ ਦੇ ਅਫਸਰਾਂ ਦੇ ਦਬਾਓ ਦੇਣ ਉਤੇ ਭੀ ਮਹੰਤ ਬ੍ਰਹਮਬੂਟਾ ਸਾਹਿਬ ਜੀ ਡਟੇ ਰਹੇ ਉਸ ਫਹਿਰਸਤ ਵਿਚ ਨ ਸ਼ਾਮਲ ਹੋਏ ਜਿਸ ਵਿਚ ਪੰਜਾਬ ਦੇ ਕੁਲ ਜਾਗੀਰਦਾਰਾਂ ਤੇ ਰਾਜੇ ਮਹਾਰਾਜਿਆਂ ਨੇ ਦਸਖਤ ਕੀਤੇ ਸਨ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿਤਾ ਜਾਵੇ। ਅਗਰ ਇਹ ਫ਼ਖ਼ਰ ਹੈ ਤਾਂ ਉਦਾਸੀਨ ਸੰਪ੍ਰਦਾਯ ਨੂੰ ਹੈ ਕੇ ਉਦਾਸੀਨ ਸੰਪ੍ਰਦਾਯ ਦੇ ਰਤਨ ਸ੍ਰੀ ਮਹੰਤ ਬ੍ਰਹਮ ਬੂਟਾ ਸਾਹਿਬ ਜੀ ਨੇ ਅੰਗ੍ਰੇਜ਼ੀ ਹਕੂਮਤ ਦੀ ਕੁਛ ਭੀ ਪ੍ਰਵਾਹ ਨ ਕਰਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਾਥ ਦਿਤਾ। ਅਜ ਉਸ ਮਹਾਂ ਪੁਰਸ਼ ਦੀ ਕੁਰਬਾਨੀ ਦਾ ਹੀ ਸਦਕਾ ਹੈ ਕੇ ਭਾਰਤ ਅਜ਼ਾਦ ਹੈ ਨਾਮਧਾਰੀ ਸੰਪ੍ਰਦਾਯ ਦੇ ਵਰਤ ਮਾਨ 'ਮਹਾਂ ਪ੍ਰਤਾਪੀ' ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

Sri Satguru Jagjit Singh Ji Elibrary NamdhariElibrary@gmail.com

ਨ ਭੀ ਅਜ਼ਾਦੀ ਲਿਉਣ ਲਈ ਕਿਸੇ ਨਾਲ ਘਰ ਜਤਨ ਨਹੀਂ ਕੀਤੇ ਸਗੋਂ ਖੁਦ ਲੜਕ ਰਿਹਾ ਗਿਆ ਅਜ ਸਤਿਜੁਗ ਦਾ ਖਾਸ ਅੰਕ ਜੋ ਸ੍ਰੀ ਸਤਿਗੁਰੂ ਸਿੰਘ ਜੀ ਦੇ ਅਵਤਾਰ ਦਿਹਾੜੇ ਦੀ ਖੁਸ਼ੀ ਵਿਚ ਪ੍ਰਕਾਸ਼ਤ ਹੋ ਰਿਹਾ ਹੈ ਤੇ ਹਰ ਨਾਮਧਾਰੀ ਇਸ ਦਿਨ ਉਤੇ ਉਤਸ਼ਾਹ ਪ੍ਰਗਟ ਕਰ ਰਿਹਾ ਹੈ ਇਹ ਤਦੇ ਭੀ ਸਫਲਾ ਹੋ ਸਕਦਾ ਹੈ ਕਿ ਅਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਸੇ ਰਾਹ ਉਤੇ ਚਲਕੇ ਦੇਸ਼ ਦੀ ਸੇਵਾ ਕਰੀਏ, ਅਤੇ ਸਭ ਨਾਲ ਚੰਗਾ ਵਰਤਾਓ ਕਰੀਏ। ਇਹ ਸ਼ੁਭ ਦਿਹਾੜਾ ਨਾਮਧਾਰੀ ਸੰਪ੍ਰਦਾਯ ਵਾਸਤੇ ਹੀ ਨਹੀਂ ਹੈ ਬਲਕਿ ਹਰ ਭਾਰਤ ਵਾਸੀ ਨੂੰ ਇਹ ਦਿਹਾੜਾ ਬੜੀ ਧੂਮ ਧਾਮ ਨਾਲ ਮਨਾਉਣਾ ਚਾਹੀਦਾ ਹੈ ਕਿਉਂਕਿ ਸ੍ਰੀ ਸਤਿਗੁਰੂ ਮਹਾਰਾਜ ਜੀ ਨੇ ਇਹ ਅਜ਼ਾਦੀ ਦਾ ਘੋਲ ਸਮੁੱਚੇ ਭਾਰਤ ਵਾਸੀਆਂ ਲਈ ਲੜਿਆ ਸੀ। ਖਾਸ ਕਰਕੇ ਉਦਾਸੀਨ ਸੰਪ੍ਰਦਾਯ ਨੂੰ ਤਾਂ ਇਹ ਦਿਹਾੜਾ ਬੜੀ ਸ਼ਾਨ ਨਾਲ ਮਨਾਉਣਾ ਚਾਹੀਦਾ ਹੈ ਅੰਤ ਵਿਖੇ ਮੈਂ ਅਜ ਦੇ ਦਿਹਾੜੇ ਦੀ ਸਮੂੰਹ ਭਾਰਤ ਵਾਸੀਆਂ ਨੂੰ ਵਧਾਈ ਦਿੰਦਾ ਹਾਂ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ! ਦੇਵਤਾ ਆਜ਼ਾਦੀ

ਵਲੋਂ ਸ੍ਰੀਮਾਨ ਰਾਮ ਚੰਦ ਪਟਵਾਰੀ ਜਿਲਾ ਪਸ਼ੌਰ (ਪਾਕਿਸਤਾਨ)

ਇਸ ਗਲ ਤੋਂ ਕੋਈ ਭੀ ਪੁਰਸ਼ ਕਦਾਚਿਤ ਨਹੀਂ ਇਨਕਾਰ ਸਕਦਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਵਣ ਤੋਂ ਪਹਿਲੋਂ ਸਿਖ ਕੌਮ ਅਤੇ ਦੇਸ਼ ਦੀ ਕੀ ਹਾਲਤ ਸੀ ਜਿਸਦੀ ਬਾਬਤ ਕਈ ਇਤਹਾਸ ਕਾਰਾਂ ਨੇ ਸਾਫ ਸਾਫ ਲਿਖਿਆ ਹੈ ਕਿ ਸਿਖ ਰਾਜ ਭਾਗ ਗਵਾ ਚੁਕੇ ਸਨ, ਅਤੇ ਬੜੇ ਬੜੇ ਸਿਖਾਂ ਦੇ ਘਰੀ ਵੇਸਵਾ ਨਾਚ ਕਰਦੀਆਂ ਅਤੇ ਮਾਸ ਸ਼ਰਾਬ ਦੇ ਦੌਰ ਚਲਦੇ ਸਨ। ਬੜੇ ੨ ਧਾਰਮਕ ਅਸਥਾਨਾਂ ਅੰਦਰ ਸ੍ਰੀ ਗ੍ਰੰਥ ਸਾਹਿਬ ਨੂੰ ਸੇਂਕ ਅਤੇ ਉਲੂ ਖਾ ਗਈ ਸੀ। ਆਪ ਜੀ ਨੇ ਇਸ ਸੰਸਾਰ ਅੰਦਰ ਜਾਮਾ ਧਾਰਕੇ ਸਿਖ ਕੌਮ ਦੀ ਜੁੜਦੀ ਬੜੀ ਨੂੰ ਫਿਰ ਸੁਰਜੀਤ ਕੀਤਾ। ਧਰਮ ਸਥਾਨਾਂ ਅੰਦਰ ਸੜੇ ਪਏ ਅਖੰਡਾਂ ਦੁਆਰਾ ਨਵੇ ਸਿਰੇ ਸ੍ਰੀ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਕਰਵਾਈ ਇਹ ਗਲ ਬਿਲਕੁਲ ਸਚ ਹੈ, ਕਿ ਅਗਰ ਉਸ ਮਹਾਂ ਕਸ਼ਟ ਸਮੇ ਅੰਦਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਵਤਾਰ ਧਾਰਕੇ ਨਾ ਆਂਦੇ ਤਾਂ ਫਿਰ ਕੀ ਸੀ।

ਅਗਰ ਨਾ ਆਤੇ ਗੁਰੂ ਰਾਮ ਸਿੰਘ ਸਿਖੀ ਧਰਮ ਕਾ ਹੋਤਾ ਨਾਸ, ਸਿਖ ਧਰਮ ਦੀ ਰਖਿਆ ਕਾਰਣ ਰਾਮ ਸਿੰਘ ਗੁਰ ਕੀਓ ਪਰਕਾਸ਼। ਏਹ ਬਿਲਕੁਲ ਦਰੁਸਤ ਹੈ ਕਿ ਅਗਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਚੇ ਪਾਤਸ਼ਾਹ ਜੀ ਨ ਆਂਵਦੇ ਤਾਂ ਅਜ ਸਿਖ ਪੰਥ ਦਾ ਨਾਮੋ ਨਸ਼ਾਨ ਨਾ ਹੁੰਦਾ ਓਹ ਸਿਖ ਪੰਥ ਜੋ ਸਭ ਕੁਝ ਗਵਾ ਕੇ ਅਪਣਾ ਧਰਮ ਵੀ ਬਰਬਾਦ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਸਭ ਨੂੰ ਇਕ ਲੜੀ ਵਿਚ ਜੋੜਨ ਦੀ ਕੋਸ਼ਸ਼ ਕੀਤੀ ਤਾਂ ਕੇ ਸਭ ਨੂੰ ਇਕ ਝੰਡੇ ਹੇਠ ਲਿਆਕੇ ਇਕ ਜਬਰਦਸਤ ਲਹਿਰ ਚਲਾਈ ਜਾਵੇ ਤਾਕੇ ਅੰਗ੍ਰੇਜ਼ੀ ਹਕੂਮਤ ਮੁੜ ਸਿਖਾਂ ਨੂੰ ਆਪਣਾ ਹਕ ਸੌਂਪ ਦੇਵੇ ਇਸਤਰਾਂ ਕਰਣ ਨਾਲ ਸਿਖਾਂ ਦੀ ਗਵਾਚੀ ਹੋਈ ਸ਼ਾਨ ਫਿਰ ਕਾਇਮ ਹੋ ਜਾਵੇਗੀ॥

ਪ੍ਰ ਦਸ਼ ਦੇ ਮੰਦੇ ਭਾਗ ਜੋ ਉਸ ਵਕਤ ਦੇ ਕਰਮ ਚਾਰੀ ਅੰਗਰੇਜ਼ਾਂ ਦੇ ਹਥਾਂ ਵਿਚ ਖੇਡ ਰਹੇ ਸਨ। ਬਜਾਏ ਨਾਲ ਮਿਲਣ ਦੇ ਸਗੋਂ ਉਸ ਹਕੂਮਤ ਦੇ ਕਹਿਣ ਉਤੇ ਮੁਖਾਲਫਤ ਕੀਤੀ।

ਤੇ ਇਸਤਰ੍ਹਾਂ ਦੇਸ਼ ਵੀ ਉਠਦੀ ਹੋ ਲਹਿਰ ਨੂੰ ਨੁਕਸਾਨ ਪਹੁੰਚਾਇਆ ਕਿ ਫਿਰ ਜਿਸਦਾ ਉਸਾਰਨਾ ਮੁਸ਼ਕਲ ਹੋ ਗਿਆ।

ਮਗਰ ਇਤਨੀ ਮੁਖਾਲਫਤ ਦੇ ਹੁੰਦਿਆਂ ਵੀ ਸ੍ਰੀ ਸਤਿਗੁਰੂ ਜੀ ਨੇ ਹਿੰਦਸਤਾਨ ਦੀ ਆਜ਼ਾਦੀ ਲਈ ਓਹ ਕੁਛ ਕੀਤਾ ਕਿ ਜਿਸਨੂੰ ਕਲਮ ਵੀ ਨਹੀਂ ਲਿਖ ਸਕਦੀ। ਕਿਉਂਕਿ ਇਕ ਪਾਸੇ ਸਾਰੇ ਹਿੰਦੁਸਤਾਨ ਦੇ ਰਾਜੇ, ਰਈਸ, ਜਾਗੀਰਦਾਰ ਸੰਤ ਮਹੰਤ ਅਤੇ ਧਰਮ ਅਸਥਾਨਾਂ ਦੇ ਪੁਜਾਰੀ ਸਨ ਤੇ ਇਕ ਪਾਸ ਦੇਵਤਾ ਆਜ਼ਾਦੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਚੇ ਪਾਤਸ਼ਾਹ ਜੀ ਸਨ। ਭਾਵੇਂ ਉਸ ਵਕਤ ਸਖਤ ਮੁਖਾਲਫਤ ਹੋ ਰਹੀ ਸੀ ਫਿਰ ਵੀ ਸਚੇ ਪਾਤਸ਼ਾਹ ਜੀ ਜੋਹੜਾ ਨਾਦ ਆਜ਼ਾਦੀ ਵਾਸਤੇ ਫੂਕਿਆ ਸੀ ਓਹ ਵਧਦਾ ਗਿਆ ਤੇ ਆਪ ਜੀ ਦੀ ਚਲਾਈ ਹਈ ਲਹਿਰ ਇਥੋਂ ਤਕ ਫੈਲੀ ਕਿ ਮੁਲਕ ਆਜ਼ਾਦ ਹੋਕੇ ਰਿਹਾ। ਜਿਤਨੀ ਮਸੀਬਤ ਸ੍ਰੀ ਸਤਿਗੁਰੂ ਜੀ ਨੇ ਆਜ਼ਾਦੀ ਲਈ ਉਠਾਈ ਸੀ ਅਗਰ ਉਸ ਵੇਲੇ ਥੋੜੀ ਜਹੀ ਕੁਰਬਾਨੀ ਵਤਨ ਕਰਦਾ ਤਾਂ ਕਦ ਦਾ ਮੁਲਕ ਆਜ਼ਾਦ ਹੋ ਗਿਆ ਹੁੰਦਾ।

ਸ੍ਰੀ ਸਤਿਗੁਰੂ ਜੀ ਨੇ ਭੁਯੰਗ ਅਤੇ ਸੰਤਾਂ ਵਿਚ ਸੁਚਾ ਅਤੇ ਸਚਾ ਖਾਲਸਾ ਪ੍ਰਗਟ ਕੀਤਾ, ਉਨ੍ਹਾਂ ਵਿਚ ਐਸੀ ਸਪਿਰਟ ਪੈਦਾ ਕੀਤੀ ਕਿ ਉਹਨਾਂ ਹੱਸ ਹੱਸ ਕਰਕੇ ਤੋਪਾਂ ਅਗੇ ਮਥਾ ਡਾਹਇਆ ਤੇ ਅਸੀ ਸਿਖਾਂ ਨੇ ਦੇਸ਼ ਅਤੇ ਕੌਮ ਦੀ ਖਾਤਰ ਬੇਮਿਸਾਲ ਕੁਰਬਾਨੀ ਕੀਤੀ ਜਿਸਨੂੰ ਸਾਰੀ ਉਮਰ ਦੇਸ਼ ਭੁਲ ਨਹੀਂ ਸਕਦਾ। ਸਭ ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਦੀ ਖਾਤਰ ਜੋ ਕੁਰਬਾਨੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਚੇ ਪਾਤਸ਼ਾਹ ਨੇ ਕੀਤੀ ਹੈ ਉਸਦੀ ਮਿਸਾਲ ਮਿਲਣੀ ਅਸੰਭਵ ਹੈ ਭਾਵੇਂ ਉਸਤੋਂ ਪਿਛੋਂ ਕਈ ਕੁਰਬਾਨੀਆਂ ਲੀਡਰਾਂ ਨੇ ਕੀਤੀਆਂ ਪਰ ਬੁਨਿਆਦੀ ਕੁਰਬਾਨੀ ਸਤਿਗੁਰੂ ਰਾਮ ਸਿੰਘ ਜੀ ਦੀ ਸੀ ਜਿਸਦਾ ਸਦਕਾ ਅਜ ਦੇਸ਼ ਆਜ਼ਾਦੀ ਦੇ ਸੋਹਲੇ ਗਾਂਦਾ ਹੈ। ਇਸ ਵਾਸਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਵਤਾ ਆਜ਼ਾਦੀ ਕਹਿਆ ਜਾਵੇ ਤਾਂ ਬਜਾ ਹੈ ਸ੍ਰੀ ਸਤਿਗੁਰੂ ਰਾਮ ਸਿੰਘ ਮਹਾਰਾਜ ਦੀ ਅਵਤਾਰ ਦਿਨ ਦੀ ਖੁਸ਼ੀ ਵਿਚ ਸਾਰੇ ਸੰਸਾਰ ਨੂੰ ਅਤੇ ਖਾਸ ਕਰ ਨਾਮਧਾਰੀ ਪੰਥ ਨੂੰ ਲਖ ਲਖ ਵਧਾਈ ਹੋਵੇ।

ਮਸਤਾਨਾ

ਹਰਬੰਸ ਸਿੰਘ ਜੀ "ਦੋਸ਼ੀ" ਲਾਹੌਰੀ

ਦੇਸ਼ ਅਜ਼ਾਦੀ ਦੇ ਮਤਵਾਲੇ, ਤੋਪਾਂ ਦਾ ਜਦ ਬਣੇ ਨਿਸ਼ਾਨਾ।
ਮੌਤ ਲਾੜੀ ਨੂੰ ਜਫੀਆਂ ਪਾਂਦ, ਵੇਖ ਸਮਾਂ ਨੂੰ ਲਿਓ ਪ੍ਰਵਾਨਾ।
ਜੋਬਨ ਦਾਤੀ ਸਮਤ ਮੌਤ ਨੂੰ, ਗੰਢ ਲਿਆ ਇਸ ਨਾਲ ਯਰਾਨਾ।
ਆਜਾ ਰਲ ਮਿਲ ਕਿਕਲੀ ਪਾਈਏ, ਵਾਰੋ ਵਾਰ ਕਹੇ ਮਸਤਾਨਾ।
ਮੌਤ ਤੇ ਮਸਤਾਂ ਕਿਕਲੀ ਪਾਈ ਵੇਖਣ ਵਾਲਾ ਦੰਗ ਜ਼ਮਾਨਾ।
ਭਰ ਭਰ ਪੀਂਦੇ ਜਾਮਿ-ਸ਼ਹਾਦਤ, ਖੁਲਿਆ ਸਾਕੀ ਦਾ ਮੈ-ਖਾਨਾ।
ਝੂਮ ਝੂਮ ਕੇ ਪ੍ਰੇਮ ਨਸ਼ੇ ਵਿਚ, ਆਜ਼ਾਦਾਂ ਦਾ ਗਾਉਣ ਤਰਾਨਾ।
ਉਡ ਗਏ ਹੋਕੇ ਟੂੰਬਾ ਟੂੰਬਾ, ਮੌਤੋ ਡਰਦੇ ਮੂਲ ਜ਼ਰਾ ਨਾ।
ਕਾਵਨ ਦੇ ਚੌਲਾਦਾਂ ਕੋਹਿਆ (ਕੋਈ) ਹੀਰ ਸਲੇਟੀ ਦਾ ਦੀਵਾਨਾ।
ਪੋਟਾ ਪੋਟਾ ਕਰਕੇ ਕਟਿਆ, ਸ਼ਮਾਂ ਆਜ਼ਾਦੀ ਦਾ ਪ੍ਰਵਾਨਾ।
ਇਕ ਨ ਮੰਨੀ ਈਨ ਜ਼ਾਲਮ ਦੀ, ਭਾਵੇਂ ਸੀ ਉਹ ਬਾਲ ਅਞਾਣਾ।
ਦੇਸ਼ ਦੀ ਖਾਤਰ ਮਰ ਮਿਟਜਾ ਓਹ, ਰਾਮ ਸਿੰਘ ਗੁਰੂ ਦਾ ਮਸਤਾਨਾ।

Sri Satguru Jagjit Singh Ji Elibrary NamdhariElibrary@gmail.com

ਸ਼ਹੀਦ ਦਾ ਦਿਲ

—ਵਲੋਂ—ਸੰਤ ਕ੍ਰਿਸ਼ਨ ਸਿੰਘ ਜੀ ਨੰਗਲ—

ਥਲ ਕੋਟਲਾ ਸਹਿਰ ਮਲੇਰ ਡਿਠਾ,
ਲਾਲੋ ਲਾਲ ਹੋਕਰ ਤੋਪ ਥਲ ਰਹੀ ਸੀ।
ਮੰਤ ਮਛਕੜੀ ਮਲਕੜੀ ਨਾਲ ਵਾਰੀ,
ਸਿਨਤ ਨਾਲ ਸੁਨੇਹਾ ਘੱਲ ਰਹੀ ਸੀ।
ਤੋਪ ਕੋਹਰ ਦੀ ਗੋਲੇ ਦੀ ਮਾਰ ਡਾਢੀ,
ਸੁਣਕੇ ਦਿਲਾਂ ਤੇ ਪੈ ਤਰਥਲ ਰਹੀ ਸੀ।
ਲਾਲ ਰੰਗ ਆਕਾਸ ਦਾ ਖਾਸ ਹੋਇਆ,
ਜੁਲਮ ਕਾਰਨ ਕਾਲੀ ਹੋਏ ਗਲ ਰਹੀ ਸੀ।

ਜੁਵਾਨੀ ਵਤਨ ਤੇ ਸੋਹਣੇ ਘੋਲਣ ਆਏ,
ਰੁਠੀ ਮੌਤ ਨੂੰ ਹਥ ਹਿਲੋਣ ਆਏ।
ਚੰਮਕਣਸੋਹਣਿਆਂਮੁਖਪਏਲਾਲ ਦਮਕਣ,
ਗਾਨੇ ਬੰਨ ਸ਼ਹੀਦੀਆਂ ਪੌਣ ਆਏ।

ਕਿਸੇ ਕਾਰਨ ਨੂੰ ਕਿਹਾ ਸਰਕਾਰ ਮੇਰੀ,
ਸੁਣੋ ਕੰਨ ਕਰ ਇਕ ਫਰਯਾਦ ਸਾਹਬ।
ਸਿਧੂ ਗੋਤ ਤੇ ਪਿੰਡ ਬਿਰਾਜ ਤੇ ਹੈ,
ਦੇਵਤ ਰਾਜੇ ਦਾ ਰਿਸਤੇ ਦਾਰ ਸਾਹਬ।
ਵਰਯਾਮ ਸਿੰਘ ਇਹੋ ਕੱਦੋ ਹੈ ਮਧਰਾ,
ਖਾਨ ਦਾਨ ਹੈ ਕੁਰਸੀ ਸਰਦਾਰ ਸਾਹਬ।
ਮਾਰੋ ਏਸਨੂੰ ਨ ਇਹ ਨਹੀਂ ਸਿੰਘ ਕੂਕਾ,
ਫਰੰਗੀ ਰਾਜ ਦਾ ਹੈ ਵਫੇਦਾਰ ਸਾਹਬ।

ਸੁਣੀ ਸਿੰਘ ਨੇ ਜਦੋਂ ਏਹ ਗਲ ਸਾਰੀ,
ਕਹਿੰਦਾ ਸਾਥੀਓ ਕਿਓਂ ਖੁੰਜੋਣ ਆਏ।
ਗਰਕ ਰਾਜ ਫਰੰਗੀ ਦਾ ਕਰਨ ਖਾਤਰ,
ਗਾਨੇ ਬੰਨ ਸ਼ਹੀਦੀਆਂ ਪੌਣ ਆਏ।

ਕਾਰਨ ਹੋ ਹੈਰਾਨ ਆਖੇ ਸਿੰਘ ਤਾਂਈ,
ਮਧਰਾਂ ਕੱਦ ਤੇਰਾ ਬੋਲੇਂ ਨੱਢਿਆਂ ਕਿਓਂ।
ਤੋਪ, ਹੈ ਉਚੀ, ਤੂੰ ਹੈ, ਬਹੁਤ ਨੀਂਵਾ,
ਕਿਸਮਤ ਨਹੀ ਬਣਦੀ ਆਖੇਂ ਢਿਆਂ ਕਿਓਂ।
ਗੋਲ੍ਹਾਂ ਤੋਪ ਦਾ ਹਡੀਆਂ ਚੂਰ ਕਰਦੂ,
ਗੁਸੇ ਹੋ ਬਲੇ ਮੈਨੂੰ ਕਢਿਆ ਕਿਓਂ।
ਗੋਰੀ ਰਾਜੇ ਦਾ ਸਿਧੂ ਸਰਦਾਰ ਹੈ ਤੂੰ,
ਵੇਖ ਮੌਤ ਨਾਲ ਆਢਾ ਗਡਿਆ ਕਿਓਂ।

ਸਿੰਘ ਆਖਦਾ ਸੁਣੀ ਤੂੰ ਬਿਲਿਆ ਓਏ,
ਅਸੀਂ ਭਾਰਤ ਆਜ਼ਾਦ ਕਰੌਣ ਆਏ।
ਰਾਜ ਹਿੰਦ ਦਾ ਹਿੰਦ ਦੇ ਵਿਚ ਹੋਵੇ,
ਗਾਨੇ ਬੰਨ ਸ਼ਹੀਦੀਆਂ ਪੌਣ ਆਏ।

ਇਟਾਂ ਵਾਹਣ ਦੀਆਂ ਨੂੰ ਸਿੰਘ ਕਰੇ ਕੱਠੀ,
ਕਿਸਮਤ ਤੋਪ ਧਰ ਅਗੇ ਸੁਨਾ ਆਖੇ।
ਉਚੀ ਛਾਤੀ ਹੈ ਕਿਸਮਤ ਦੀ ਮਾਰ ਅੰਦਰ,
ਤੋਪੋ ਸਿਰ ਉਚਾ ਗੋਲਾ ਪਾਂ ਆਖੇ।
ਸੁਣ ਓਏ ਤੋਪਚੀ ਗੋਲਾ ਬਰੂਦ ਪਾਵੇ,
ਕਿਸਮਤ ਛਾਤੀ ਤੇ ਲਾ ਟਿਕਾ ਆਖੇ।
ਸੁਣਕੇ। ਸਿੰਘਾਂ ਦੀ ਬੇਪਰਵਾਹੀਆਂ ਨੂੰ,
ਜੁਲਮੀ ਕਾਰਨ ਭੀ ਵਾਹ ਜੀ ਵਾਹ ਆਖੇ।

ਸੁਰਤ ਰਾਮ ਦੇ ਚਰਨਾਂ ਵਿਚ ਜੋੜ ਕੇ ਤੇ
ਮੌਤ ਵੇਖ ਵੇਖੇ ਸਿੰਘ ਸੰਗਦੇ ਨਹੋ
ਠੀਕ ਵਤਨ ਆਜ਼ਾਦੀ ਦੀ ਯਾਦ ਬਿਨਾ,
ਜਿਓਣਾ ਚੰਗਾ ਗੁਲਾਮੀ ਦਾ ਮੰਗਦੇ ਨਹੀਂ।

ਆਜ਼ਾਦੀ

ਮੇਰੇ ਲਈ ਜਿਨ ਸੀਸ ਦਾ, ਬਣਵਾਇਆ ਕਾਸਾ।
ਲਗਣ ਕਦੇ ਨਾ ਦੇਵਸਾਂ, ਮੈ ਉਸਦਾ ਪਾਸਾ।
ਨ ਡਰਦੇ ਤੋਪੋ ਸੂਲੀਓ ਮੇਰੇ ਸ਼ੈਦਾਈ!
ਨਿਕਲੇ ਖਲ ਲੁਹਾਇਆਂ, ਪਿਆ ਖਿੜ ਹਾਸਾ।

'ਦੋਸ਼ੀ'

Sri Satguru Jagjit Singh Ji Elibrary NamdhariElibrary@gmail.com

ਚੀਨੀ ਵਾਲੇ ਪ੍ਰੀਤਮ ਦੇ ਚਰਨਾਂ ਵਿਚ

ਇਤਹਾਸਕ ?

ਪ੍ਰਾਰਥਨਾ ॥

ਵਲੋਂ—ਸ੍ਰੀਮਾਨ ਸੰਤ ਆਤਮਾ ਸਿੰਘ ਜੀ ਸਨੇਤ੍ਰਵੀ।

ਹੇ ਰਮਯੰਤੀ ਰਾਮ !

ਤ੍ਰੇਤੇ ਯੁਗ ਦੇ ਅਵਤਾਰ ਦ੍ਵਾਪਰ ਯੁਗਦੇ ਸ਼ਾਮ, ਕਲਜੁਗ ਦੇ, ਨਾਨਕ ਨਿਰਬਾਨ, ਮੈਨੂੰ ਏਹ ਚੰਗੀ ਤਰ੍ਹਾਂ ਪਤਾ ਲਗਾ ਹੈ, ਕਿ ਜਦੋਂ ਪੰਜਾਬ ਵਿਚ ਅਪਨੀ ਖੁਦਗਰਜ਼ੀ ਦੇ ਕਾਰਨ—ਉਸ ਸਿਖ ਰਾਜ ਜਿਸਦੀਆਂ ਧੁੰਮਾਂ ਕਾਬਲ ਤਕ ਧੁੰਮੀਆਂ ਸਨ. ਉਹ ਸਿਖ! ਜਿਥੇ ਵਲੈਤੀ ਗੋਰੇ ਦੇ ਬੇ ਖਰੀਦ ਗੁਲਾਮ ਬਣ ਉਥੇ ਅਪਨੇ ਸਿਖੀ ਧਰਮ, ਕਰਮ, ਤੋਂ ਕੋਹਾਂ ਦੂਰ ਹੋ ਗਏ, ਉਸ ਵਕਤ ਆਪ ਜੀ ਨੇ, ਜਿਥੇ! ਗੁਰ ਸਿਖੀ ਦੀ ਮਰਯਾਦਾ ਨਵੇਂ ਸਿਰੇ ਸਥਾਨਪਨ ਕੀਤੀ ਸਿਖੀ ਤੋਂ ਪਤਤ ਹੋਏ ਅਨੇਕਾਂ ਪ੍ਰਾਣੀਆਂ ਨੂੰ ਅੰਮ੍ਰਿਤ ਤੇ ਨਾਮ ਦੀ ਦਾਤ ਦੇਕੇ ਪਾਵਨ ਕੀਤਾ ਓਥੇ ਸਾਰੇ ਭਾਰਤ ਵਾਸੀਆਂ ਨੂੰ ਗੁਲਾਮੀ ਦੀ ਲਾਅਨਤ ਤੋਂ ਜਾਣੂ ਕਰਵਾਇਆ ਤੇ ਆਜ਼ਾਦੀ ਪ੍ਰਾਪਤ ਕਰਨ ਵਾਲੀਆਂ ਲੀਹਾਂ ਕਾਇਮ ਕਰਕੇ ਸਾਰਿਆਂ ਲੋਕਾਂ ਨੂੰ ਉਨ੍ਹਾਂ ਤੇ ਟੁਰਨ ਲਈ ਪਰੇਰਿਆ॥

(੨)

ਮੈਂ ਸੁਣਿਆ!

ਕਿ ਉਸ ਵਕਤ ਆਪ ਜੀ ਦੇ ਸ਼ੁਭ ਉਪਦੇਸ਼ਾਂ ਤੋਂ ਪ੍ਰਭਾਵਤ ਹੋਏ ੨ ਸਿੰਘ ਉਨ੍ਹਾਂ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਹੋ ਰਹੀ ਬੇਅਦਬੀ ਤੱਕ ਕੇ ਕਿ—ਇਸ ਪਵਿਤ੍ਰ ਜਲ ਨੂੰ ਘੰਟੇ ਘਰ ਵਲ ਬਣੇ ਬੁਰਜ ਖਾਨੇ ਤੋਂ ਇਲਾਂ ਤੇ ਕਾਂ ਉਡਕੇ ਹਡੀਆਂ, ਤੇ ਵਿਠਾਂ, ਨਾਲ ਅਪਵਿਤ੍ਰ ਤੇ ਬਦ ਬੂ ਵਾਲਾ ਬਨੌਂਦ ਹਨ ਨਾ ਸਹਾਰ ਸਕੇ, ਤੇ ਅਪਨੇ ਅਪਨੇ ਅੰਦਰ ਆਏ ਉਬਾਲ ਨੂੰ ਸੂਰਮਿਆਂ ਦੇ ਤਰੀਕੇ ਨਾਲ ਕਢਕੇ ਜਿਥੇ ਇਸ ਗੁਰੂ ਧਾਮ ਚੋ ਲਾਗਿਓਂ ਇਸ ਕਲੰਕ ਨੂੰ ਹਮੇਸ਼ਾਂ ਵਾਸਤੇ ਮਲੀਆਂ ਮੇਟ ਕਰ ਦਿਤਾ, ਓਥੇ ਉਸ ਕੀਤੀ ਹੋਈ ਸੂਰਮਗਤੀ ਦੇ ਫਲ ਸਰੂਪ ਵਿਚ ਮਲੇਛ ਰਾਜ ਦੀ ਹਕੂਮਤ ਦੇ ਫਾਹੇ ਅਪਨੇ ਗਲੇ ਵਿਚ ਪਵਾਕੇ ਆਪ ਕੁਰਬਾਨ ਹੋ ਗਏ।

ਫਿਰ ਪਤਾ ਲਗਾ ਹੈ, ਕਿ ਏਸੇ ਤਰ੍ਹਾਂ ਰਾਇ ਕੋਟ ਤੇ ਮਲੇਰ ਕੋਟਲੇ ਆਦਕ ਥਾਵਾਂ ਤੇ ਭੀ ਗਊ ਰਖਿਆ ਦੇ ਸਬੰਧ ਵਿਚ ਅਨੇਕਾਂ ਸਿੰਘਾਂ ਤੋਪਾਂ ਦੀ ਵੇਦੀ ਦੁਆਰਾ ਮੌਤ ਸਿੰਘਣੀ ਨਾਲ ਆਨੰਦ ਕਰਵਾ ੨ ਭਾਈ ਮਨੀ ਸਿੰਘ ਤੇ ਭਾਈ ਤਾਰੂ ਸਿੰਘ ਦੇ ਬਣਾਏ ਹੋਏ ਸ਼ਹੀਦ ਨਗਰ ਵਿਚ ਜਾ ਸਥਾਪਨ ਹੋਏ।

(੩)

ਹੇ! ਪਾਖੰਡ ਪ੍ਰਹਾਰਨ ਸਤਿਗੁਰੂ

ਪੁਰਾਣੇ ਬਜ਼ੁਰਗਾਂ ਦਸਿਆ ਕਿ ਹਜ਼ੂਰ ਦੇ ਗਿਆਨ ਮਈ ਉਪਦੇਸ਼ਾਂ ਦਾ, ਕਈਆਂ ਸਿੰਘਾਂ ਉਤੇ ਅਜੇਹਾ ਅਸਰ ਹੋਇਆ ਕਿ—ਉਹ ਪੰਜਾਬ ਵਿਚ ਅਨਮਤੀ ਲੋਕਾਂ ਦੀਆਂ ਕਾਇਮ ਕੀਤੀਆਂ ਸਖੀ ਸਰਵਰ ਦੀਆਂ ਯਾਦਗਾਰਾਂ ਮੜੀਆਂ ਤੇ ਗੋਰਾਂ ਦੀ ਸਫਾਈ ਕਰਨ ਵਾਸਤੇ ਤੁਰ ਗਏ ਅਰ—ਪੋਕਲ ਆਦ ਸਥਾਨਾਂ ਤੋਂ ਭਸਟਾਚਾਰਜ ਟੋਲ ਨੂੰ ਸਿਰਫ ਅਰਦਾਸਾ ਕਰਕੇ ਇਕ ਸਿੰਘ ਨੇ ਦੂਜੇ ਸਿੰਘ ਦੀ ਪਿਠ ਪਰ ਖਲੋ ਕੇ ਇਕ ਸੂਣੇ ਨਾਲ ਤੋੜ ਉਸਦੇ ਪਾਸ ਤੋਂ ਵਹਿਮੀ ਲੋਕਾਂ ਨੂੰ ਸੁਰਖ਼ਿਤ ਕਰਵਾ ਦਿਤਾ। ਏਥੇ ਹੀ ਬਸ ਨਹੀਂ ਸਗੋਂ ਇਕ ਇਕ ਸਿੰਘ ਨੇ ਉਹ ਵਡੀਆਂ ੨ ਕਬਰਾਂ ਮੋਢਿਆਂ ਦੇ ਧਕੇ ਨਾਲ ਧਕੇਲ ਦਿਤੀਆਂ ਜੇਹੜੀਆਂ ਕਿ ਵੇਖਨ ਵਿਚ ਗੋਰ ਤੇ ਇਟਾਂ

ਨਾਲ ਬਝੀਆਂ ਬਹੁਤ ਮਜਬੂਰ ਭਾਸਦੀਆਂ ਸਨ।

(੪)

ਹੇ ! ਨਿਰਭਉ ਨਿਰਵੈਰ ਸਤਿਗੁਰ।

ਮੈਂ ਸੁਣਿਆ ਕਿ ਹਜ਼ੂਰ ਦਾ ਤੇਜਸ੍ਵੀ ਚਾਨਣ ਵੇਖਕੇ ਜਿਥੇ ਉਹਨਾਂ ਬਿਦੇਸ਼ੀ ਲੋਕਾਂ, (ਜਿਨ੍ਹਾਂ ਨੇ ਅਪਨੇ ਦੇਸ਼ ਵਿਚ ਕਦੇ, ਨਾ ਇਤਨਾ ਪ੍ਰਕਾਸ਼ ਵੇਖਿਆ ਤੇ ਨਾ ਝਲਿਆ) ਦੀਆਂ ਬਿਲੀਆਂ ਅਖਾਂ ਚੁੰਧਿਆਂ ਗਈਆਂ ਉਥੇ ਉਨ੍ਹਾਂ ਭਾਰਤ ਵਾਸੀ ਤੇ ਪੰਜਾਬੀ ਲੋਕਾਂ ਜੋ ਅੰਗ੍ਰੇਜ਼ ਦੇ ਝੋਲੀ ਚੁਕ ਬਣ ਚੁਕੇ ਸਨ ਅਪਨੇ ਉਲੂ ਪਨ ਦਾ ਸਬੂਤ ਦਿਤਾ ਤੇ ਇਸ ਚਾਨਣ ਵਾਸਤੇ ਹਕੂਮਤ ਨੇ ਕਾਨੂੰਨ ਦੇ ਪਰਦੇ ਲਾਏ। ਨਜ਼ਰ ਬੰਦੀ ਦੀਆਂ ਵਾੜਾਂ ਠੋਕੀਆਂ। ਗੁਰੂ ਤਖਤਾਂ ਦੇ ਕਬਜ਼ੇ ਦਾਰਾਂ ਗੁਰੂ ਤੇਗ ਬਹਾਦਰ ਦੀ ਤਰਾਂ ਆਪ ਨਾਲ ਸਲੂਕ ਕੀਤਾ ਪਰ ਹਜ਼ੂਰ ਤੇ ਕਿਸੇ ਕਾਨੂੰਨ ਤੇ ਕਿਸੇ ਵਤੀਰੇ ਦਾ ਕੋਈ ਅਸਰ ਨਾ ਹੋਇਆ। ਤੇ ਸਗੋਂ ਮੈਂ ਉਨ੍ਹਾਂ ਲੋਕਾਂ ਦੀ ਜ਼ਬਾਨੀ (ਜਿਹੜੇ ਆਪ ਦੇ ਦਰਸਨਾਂ ਤੇ ਆਪਦੇ ਕਰਤਵਾਂ ਨੂੰ ਧੁੰਦਲੀਆਂ ਅਖਾਂ ਨਾਲ ਵੇਖਦੇ ਹਨ) ਸੁਣਿਆ ਕਿ ਬਾਵਜੂਦ ਉਸ ਵਕਤ ਸਾਡੇ ਬਹੁਤ ਕਰੜੇ ਇੰਤਜ਼ਾਮ ਕਰਨ ਕਿ ਜਿਸ ਨਾਲ (ਕੂਕੂ) ਰਾਮ ਸਿੰਘ ਦੇ ਪ੍ਰਪੰਚੇ ਨੂੰ ਰੋਕਿਆ ਜਾਵੇ।

ਸਮੇਤ ਪੁਜਾਰੀਆਂ ਦੇ-ਜੋ ਉਸ ਵੇਲੇ ਧਾਰਮਿਕ ਆਗੂ ਮਨੇ ਜਾਂਦੇ ਸਨ ਉਨ੍ਹਾਂ ਤੋਂ ਧਾਰਮਕ ਫਤਵੇ ਲਗੋਇਆਂ ਵੀ ਸੰਨ ੧੯੬੨ ਵਿਚ ਅਨੰਦ ਪੁਰ ਦੇ ਹੋਲੇ ਸਮੇ ਤਿਥੇ ਕਈ ਸੋਢੀਆਂ ਨੇ ਹਜ਼ੂਰ ਪਾਸੋਂ ਨਾਮ ਦੀ ਦਾਤ ਪ੍ਰਾਪਤ ਕੀਤੀ ਓਥੇ ਸੋਢੀ ਸਾਹਿਬ ਜਾਂਦਿਆਂ ਜਿਨਾਂ ਵਿਚੋਂ ਸੋਢੀ ਪ੍ਰਤਾਪ ਸਿੰਘ ਜੀ ਦਾ ਨਾਮ ਖਾਸ ਸਤਿਕਾਰ ਨਾਲ ਲਿਆ ਜਾਂਦਾ ਸੀ, ਨੇ ਅੰਮ੍ਰਿਤ ਨਾਮ ਦੀ ਦਾਤ ਪ੍ਰਾਪਤ ਕਰਕੇ ਜਨਮ ਸਫਲਾ ਕੀਤਾ, ਤੇ ਇਸੇ ਤਰਾਂ ਹੀ ਸੰਨ ੧੯੬੭ ਦੀ ਦੀਵਾਲੀ ਨੂੰ ੨-੨ ਹਜ਼ਾਰ ਪ੍ਰਾਣੀਆਂ ਨੇ ਆਪ ਜੀ ਦੀ ਪਵਿਤ੍ਰ ਰਸਨਾ ਤੋਂ ਨਾਮ ਦਾਤ ਲੀਤੀ ਤੇ ਆਖਰ ਉਨ੍ਹਾਂ ਵਡਭਾਗੀ ਲੋਕਾਂ ਦੀ ਗਿਣਤੀ ਜਿਨ੍ਹਾਂ ਨੂੰ ਮਨ ਬਚ ਕ੍ਰਮ ਕਰਕੇ ਹਜ਼ੂਰ ਦੀ ਛੋਹ ਪ੍ਰਾਪਤ ਹੋਈ ੧੦ ਲਖ ਤਕ ਉਨ੍ਹਾਂ ਤਾਰੀਖ ਦਾਨਾਂ ਦਸਿਆ ਜੇਹੜੇ ਕਿ ਉਸ ਵਲੋਂ ਮੁਖਾਲਫਿਤ ਪਾਰਟੀ ਨਾਲ ਸਬੰਧ ਰਖਦੇ ਸਨ।

(੫)

ਜਿਥੋਂ ਤਕ ਮੈਂ ਖੋਜ ਕੀਤੀ ਏਹੋ ਸੂੰਹ ਨਿਕਲੀ ਕਿ ਜਦੋਂ ਓਨ੍ਹਾਂ ਲੋਕਾਂ ਜੋ ਸਚਾਈ ਤੇ ਅਜ਼ਾਦੀ ਦੀ ਰੌਸ਼ਨੀ ਤੋਂ ਘਬਰਾਕੇ ਹਜ਼ੂਰ ਦੇ ਇੰਨਕਲਾਬੀ ਪ੍ਰਚਾਰ ਨੂੰ ਬੰਦ ਕਰਨਾ ਚਹੁੰਦੇ ਸਨ, ਕੋਈ ਚਾਰਾ ਸਫਲ ਹੁੰਦਾ ਨ ਵੇਖਿਆ ਤਾਂ ਉਨ੍ਹਾਂ ਲੋਕਾਂ ਸਲਾਹ ਕਰਕੇ ਆਪ ਜੀ ਦੇ ਮਿਕਨਾ ਤੀਸੀ ਕਸ਼ਸ਼ ਰਖਨ ਵਾਲੇ ਦਰਸਨ ਨੂੰ ਇਨ੍ਹਾਂ ਮਨੂੰਰ ਸੁਭਾਵ ਰਖਨ ਵਾਲੇ ਲੋਕਾਂ ਤੋਂ ਦੂਰ ਕਰਨ ਦਾ ਤਰੀਕਾ ਅਖਤਿਆਰ ਕੀਤਾ। ਇਸ ਤੋਂ ਪਹਿਲਾਂ ਮੈਂ ਇਹ ਭੀ ਸੁਣਿਆ ਕਿ ਕਾਲਰ ਦੇ ਇਲਾਕੇ ਵਿਚ ਦੌਰਾ ਕਰਦਿਆਂ ਪਿੰਡ ਸਖਾਣਿਆਂ ਦੇ ਸ੍ਰ: ਹੁਕਮ ਨਾਲ ਕਿਸੇ ਪੁਸਤਕ ਨੂੰ ਵਿਚਾਰਦਿਆਂ ਹਜ਼ੂਰ ਨੇ ਫਰਮਾਨ ਕੀਤਾ ਸੀ ਕਿ ਉਹ ਸਮਾਂ ਔਣ ਵਾਲਾ ਹੈ ਕਿ-ਜਦੋਂ ਮੇਰੇ ਸਰੀਰ ਨੂੰ ਗੁਰੂ ਨਾਨਕ ਦੇਵ ਜੀ ਦੇ ਵਾਕ ਅਨੁਸਾਰ ਸਮੁੰਦ੍ਰਾਂ ਤੋਂ ਪਾਰ ਜਾਣਾ ਪਵੇਗਾ ਜਿਥੇ ਮੈਂ ਅਪਨੀ ਇਛਾ ਅਨੁਸਾਰ ਭੀ ਕੁਝ ਸਮਾ ਵਿਚਰਨਾ ਹੈ, ਉਸ ਵੇਲੇ ਕਈ ਲੋਕ ਤੁਹਾਨੂੰ ਕਹਿਣਗੇ ਕਿ ਕੂਕਿਆਂ ਦਾ ਗੁਰੂ ਦੜ੍ਹਾਈ ਕਰ ਗਿਆ ਹੈ ਪਰ ਇਸ ਗਲ ਤੋਂ ਇਲਾਵਾ ਜੇਕਰ ਤੁਹਾਨੂੰ ਕੋਈ ਏਹ ਵੀ ਆਖੇ ਕਿ ਮੈਂ (ਸਤਿਗੁਰੂ) ਰਾਮ ਸਿੰਘ ਦੀ ਦੇਹ ਦਾ ਅਪਨੀ ਹਥੀ ਸਸਕਾਰ ਕਰਕੇ ਆਇਆ ਹਾਂ ਤਾਂ ਭੀ ਤੁਸਾਂ ਏਹ ਗਲ ਨਾ ਮੰਨਣੀ॥

ਮੈਨੂੰ ਨ ਕੋਈ ਹਕੂਮਤ ਨਿਗਰਾਨੀ 'ਚ ਰਖ ਸਕਦੀ ਹੈ ਤੇ ਨਾ ਇਸ ਸਰੀਰ ਦਾ ਕੋਈ ਦਾਹ ਕਰ ਸਕਦਾ ਹੈ।

ਕਿਉਂਕਿ:-

ਸਰਬ ਸੀਲ ਮਮੰ ਸੀਲੰ,
ਸਰਬ ਪਾਵਨ ਮਮ ਪਾਵਨਹ।
ਸਰਬੰ ਕਰਤ ਮਮੰ ਕਰਤਾ,
ਨਾਨਕ ਲੇਖ ਛੇਪ ਨ ਲਿਪਤੇ,

ਕੁਝ ਸਮੇਂ ਪਿਛੋਂ ਮੈਂ ਫਿਰ ਪੰਜਾਬ ਆਵਾਂਗਾ, ਤੇ ਧਰਮ ਦਾ ਰਾਜ ਸਥਾਪਨ ਕਰਾਂਗਾ ਗਊ ਤੇ ਗ਼ਰੀਬਾਂ ਦਾ ਕਸ਼ਟ ਦੂਰ ਹੋਵੇਗਾ ਸਾਰੀ ਧਰਤੀ ਤੇ ਨਾ ਕੋਈ ਗ਼ਰੀਬ ਹੀ ਰਹੇਗਾ ਤੇ ਨ ਕੋਈ ਅਮੀਰ ਅਪਨੇ ਸਰੀਰ ਵਲ ਇਸ਼ਾਰਾ ਕਰਕੇ ਆਪਨੇ ਬਚਨ ਕੀਤਾ ਸੀ, ਕਿ ਇਸ ਮੜ੍ਹੇ ਦਾ ਉਨਾ ਚਿਰ ਇਸ ਧਰਤੀ ਤੋਂ ਜਾਣ ਦਾ ਪ੍ਰੋਗ੍ਰਾਮ ਨਹੀਂ ਜਿਨਾਂ ਚਿਰ ਕਿ ਇਥੇ ਧਰਮ ਦਾ ਰਾਜ ਕਾਇਮ ਨ ਹੋ ਜਾਵੇ ਤੁਸਾਂ ਮੇਰੇ ਬਿਦੇਸ਼ ਜਾਣ ਤੋਂ ਘਬਰਾਨਾ ਨਹੀ। ਦਾ ਲੋਕਾਂ ਕੀ ਅਸਰ ਮੈਂ ਤੁਹਾਨੂੰ ਕਿਰਤੀ ਲੋਕਾਂ ਦਾ ਅੰਨ ਖਰਾਬ ਕਰਨ ਵਾਸਤੇ ਨਾਲ ਨਹੀਂ ਲਈ ਫਿਰਦਾ, ਬਸ-ਮੇਰਾ ਇਰਾਦਾ ਆਪ ਲੋਕਾਂ ਤੋਂ ਏਕਾਂਤ ਹੋ ਜਾਣ ਦਾ ਹੈ, ਤੇ ਜ਼ਰੂਰ ਕਿਸੇ ਐਸੀ ਜਗਾ ਜਾਵਾਂਗਾ, ਜਿਥੇ ਸੋਹਣੀ ਤੇ ਮਹੀਂਵਾਲ ਦੀ ਤਰ੍ਹਾਂ ਕੋਈ ੨ ਪ੍ਰੇਮੀ ਹੀ ਪਹੁੰਚ ਸਕੇਗਾ। ਕੀ ਤੁਹਾਨੂੰ ਅਜ ਸੋਹਣੀ ਨਾਲੋਂ ਜ਼ਿਆਦਾ ਸਰਦੀ ਲਗਦੀ ਸੀ, ਜਾਂ ਤੁਸਾਂ ਕੋਈ ਦਰਿਆ ਪਾਰ ਕਰਨਾ ਸੀ- (ਝਨਾ) ?

(੬)

ਇਕ ਬ੍ਰਿਧ ਮਹਾਤਮਾਂ ਨੇ ਮੈਨੂੰ ਇੰਞ ਭੀ ਦਸਿਆ ਕਿ ਦਤਪ ਦੇ ਇਲਾਕੇ 'ਚ ਦੌਰਾ ਕਰਦਿਆਂ “ਪਿੰਡ ਆਹਲੂ ਵਾਲ” ਸਰਦੀਆਂ ਦੇ ਦਿਨਾਂ ਵਿਚ ਤ੍ਰਿਕਾਲਾਂ ਦੇ ਦੀਵਾਨ ਦੀ ਸਮਾਪਤੀ ਸਮੇਂ ਹਜ਼ੂਰ ਨੇ, ਜਿਥੇ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਵਿਚ ੪ ਵਜੇ ਸਵੇਰੇ ਔਣ ਵਾਸਤੇ ਸੰਗਤ ਤੇ ਸੂਬਿਆਂ, ਸੰਤਾਂ ਮਹੰਤਾਂ, ਨੂੰ ਹੁਕਮ ਦਿਤਾ ਉਥੇ ਨਾਲ ਹੀ ਇੰਦ੍ਰ ਦੇਵਤੇ ਨੂੰ ਭੀ ਉਸ ਰਾਤ ਰਿੰਮੀ ੨ ਵਰਸ਼ਾ ਤੇ ਠੰਡੇ ੨ ਪਵਨ ਝੁਲਾਰੇ ਦੇਣ ਲਈ ਪ੍ਰੇਰਿਆ ਜੋ ਤ੍ਰਿਕਾਲਾਂ ਵੇਲੇ ਤੋਂ ਹੀ ਹੁਕਮ ਦੀ ਤਾਮੀਲ ਵਿਚ ਹਾਜ਼ਰ ਹੋ ਗਇਆ ਤੇ ਸਾਰੀ ਰਾਤ ਇਸ ਡੀਊਟੀ ਨੂੰ ਭੁਗਤਾਂਦਾ ਰਿਹਾ।

ਹਜ਼ੂਰ ਦਾ ਡੇਰਾ ਉਸ ਦਿਨ ਸੰਤ ਮੰਗਲ ਸਿੰਘ ਨੰਬਰਦਾਰ ਦੇ ਪਸਾਰ ਵਿਚ ਸੀ ਸਾਰੀ ਤਾਂ ਹਜ਼ੂਰ ਦੇ ਹੁਕਮ ਅਨਸਾਰ ਵਕਤ ਨਾਲ ਆਪਦੇ ਚਰਨਾਂ ਵਿਚ ਹਾਜ਼ਰ ਹੋ ਗਏ ਪਰ ਬਾਕੀ ਸੰਗਤ ਅਰ ਸੂਬੇ, ਮਹੰਤ ਵੈਰਾਗੀ ਸਭ ਗੈਰ ਹਾਜ਼ਰ ਹੀ ਰਹੇ। ਤੇ ਸੂਰਜ ਦੇ ਚੜ੍ਹਾਉ ਨਾਲ ਜਦ ਸਹਿਜੇ ੨ ਹਜ਼ੂਰੀ ਵਿਚ ਆਏ ਤਾਂ ਆਪਨੇ ਉਸ ਵਕਤ ਉਨ੍ਹਾਂ ਆਗੂ ਸਜਨਾਂ ਨੂੰ ਸੰਬੋਧਨ ਕਰਦਿਆਂ ਬਚਨ ਕੀਤਾ ਕਿ ਮੈਨੂੰ ਇਹੋ ਜਿਹੇ ਲੋਕਾਂ ਵਿਚ ਰੇਹਣ ਦੀ ਕੋਈ ਲੋੜ ਨਹੀਂ ਜੇਹੜੇ ਪ੍ਰਚਾਰ ਕਰਨ ਵਾਲੇ ਮੁਖੀ, ਆਪ ਗੁਰੂ ਹੁਕਮ ਦੀ ਪਾਲਨਾ ਨਹੀਂ ਕਰਦੇ ਉਨ੍ਹਾਂ ਦੇ ਪ੍ਰਚਾਰ

(੭)

ਅਗੇ ਚਲਕੇ ਮੈਂ ਉਨ੍ਹਾਂ ਮਹਾਤਮਾਂ ਪਾਸੋਂ ਜਿਨਾਂ ਨੂੰ ਆਪਦੀ ਚਰਨ ਛੋਹ ਪ੍ਰਾਪਤ ਹੋਈ ਸੁਣਿਆ, ਕਿ ਹਜ਼ੂਰ ਅਪਨੇ ਪ੍ਰੋਗ੍ਰਾਮ ਦੇ ਮੁਤਾ-ਬਿਕ ਬਾ ਵਜੂਦ ਅਪਨੇ ਭ੍ਰਾਤਾ ਦੇ ਅਰਜ਼ ਕਰਨ ਤੇ ਭੀ ਬ੍ਰਿਧ ਮਾਤਾ ਪਿਤਾ ਤੇ ਸੰਗਤ ਨੂੰ ਵੈਰਾਗ ਮਈ ਹਾਲਤ ਵਿਚ ਛਡਕੇ ਗਡੇ ਤੇ ਅਸਵਾਰ ਹੋ ਕੇ ਉਸ ਦੇਸ ਨੂੰ ਜਾ ਭਾਗ ਲਾਇਆ ਜਿਥੇ ਆਪ ਜਾਣਾ ਚਾਹੁੰਦੇ ਸੀ।

(੮)

(ਇਸਤੋਂ ਅਗੇ ਦਾ ਉਹ ਵਰਤਾਰਾ ਜਹੜਾ ਆਪ ਜੀ ਵਲੋਂ ਸੰਗਤ ਨੂੰ ਹਰੀ ਭਰੀ ਰਖਨ ਵਾਸਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਨਿਸ-ਚਤ ਕਰਨ ਤੋਂ ਪਿਛੋਂ ਵਰਤਿਆ) ਕੁਝ ਪੜ੍ਹਿਆ ਤੇ ਕੁਝ ਸੁਣਿਆ, ਕਿ- ਭਰਥ (ਵਜ਼ੀਰ) ਦੀ ਤਰਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਬਾਵਜੂਦ ਆਪ ਜੀ ਵਲੋਂ ਧੀਰਜ ਭਰੇ ਹੁਕਮ ਨਾਮੇ ਔਣ ਤੇ ਭੀ ਅਪਨਾ ਸਾਰਾ ਜੀਵਨ ਅਨਿੰਨ ਤਪਸਵੀ ਦੀ ਤਰਾਂ ਬਿਤੀਤ ਕੀਤਾ ਹਜ਼ੂਰ ਦੇ ਹੁਕਮ ਅਨਸਾਰ।

ਆਪ ਜੀ ਦੇ ਮੁੜ ਪੰਜਾਬ ਵਿਚ ਦਰਸ਼ਨ ਹਿਤ ਵਧ ਤੋਂ ਵਧ ਪਾਬੰਦੀਆਂ ਦੇ ਸਮੇਂ ਅਨੇਕ ਤਰਾਂ ਦੀਆਂ ਤਕਲੀਫਾਂ ਝਾਂਕ ਕੇ-ਭੋਰਿਆਂ ਵਿਚ ਜਿਥੇ ਅਖੰਡ ਪਾਠ ਕਰਵਾਂਦੇ ਰਹੇ। ਓਥੇ ਅਪਨੇ ਅੰਦਰੂਨੀ ਪ੍ਰੋਗਰਾਮ ਦੇ ਮੁਤਾਬਕ ਸਿਖਾਂ ਨੂੰ ਪ੍ਰੇਰਕੇ ਟਾਪੂਆਂ ਤੋਂ ਪਾਰ ਆਪਦੇ ਚਰਨਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਭ ਦੇ ਰਹ ਇਸ ਵਕਤ ਦੇ ਸਿਲਸਿਲੇ ਵਿਚ ਜ ਆਪ ਦੀ ਚਲਾਈ ਹੋਈ ਲੋਹ ਨੂੰ ਚਲਦਿਆਂ ਰਖਣ ਵਾਸਤੇ ਸਤਿਗੁਰੂ ਹਰੀ ਸਿੰਘ ਜੀ ਨੂੰ ਕੁਰਬਾਨੀ ਕਰਨੀ ਪਈ ਤੇ ਜੋ ਪੂਜਯ ਮਾਤਾ ਸ੍ਰੀ ਜੀਵਨ ਕੌਰ ਜੀ ਨੇ ਘਾਲਨਾ ਘਾਲੀ ਉਸਨੂੰ ਹੇ ਅੰਤਰਜਾਮੀ ਸਤਿਗੁਰੂ, ਜਾਂ ਤਾਂ ਉਹ ਕੁਰਬਾਨੀ ਦੇਣ ਵਾਲੇ ਜਾਣ ਸਕਦੇ ਹਨ ਜਾਂ ਆਪ, ਮੈਂ ਉਨ ਸਾਰੇ ਹੋ ਚੁਕੇ ਪ੍ਰੋਗਾਮ ਨੂੰ ਅਕਥਨੀਯ ਸ਼ਬਦਾਂ ਦੇ ਕੋਸ਼ ਅੰਦਰ ਹੀ ਰਖ ਸਕਦਾ ਹਾਂ। ਕਾਪ! ਉਹ ਸੰਗਤ ਨੂੰ ਅੰਮ੍ਰਿਤਮਈ ਉਪਦੇਸ਼ ਨਾਲ ਤੇ ਗੁਰਮਤਿ ਮ੍ਰਯਾਦਾ ਦਾ ਧਾਰਨੀਯ ਬਣਾਕੇ ਹਰਿਆਂ ਭਰਿਆਂ ਰਖਨ ਵਾਲਾ ਸਤਿਗੁਰੂ। ਹੇ ਸਚੇ ਪਾਤਸ਼ਾਹ, ਆਪ ਦੇ ਉਹ ਪ੍ਰਤਖ ਦਰਸ਼ਨ ਜਹੜੇ ਕਿ ਸ੍ਰੀ ਭੈਣੀ ਸਾਹਿਬ ਵਿਚ ਚਲਦਿਆਂ ਫਿਰਦਿਆਂ ਹੁੰਦੇ ਸਨ ਅਪਣੀ ਜ਼ਿੰਦਗੀ ਵਿਚ ਨ ਕਰ ਸਕੇ। ਹੇ ਅੰਤ੍ਰੀ ਰਾਮ ! ਤੇਰੇ ਨਿਰਾਕਾਰ ਸਰੂਪ ਵਿਚ ਅਭੇਦ ਕਰ ਦਿਤੇ।

੬.

ਓਸ ਸਮੇ ਤੋਂ ਪਿਛੋਂ ਹੇ ਦੀਨ ਦਿਆਲ ਜੀਓ, ਆਪ ਜੀ ਦੇ ਚਰਨ ਕੰਵਲਾਂ ਦੇ ਭੰਵਰੇ, ਹਜ਼ੂਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਰਤ ਵਿਚ ਆਪ ਜੀ ਦੇ ਪਵਿਤ੍ਰ ਹੁਕਮਾਂ ਨੂੰ ਪ੍ਰਚਾਰਨ ਦੇ ਕਾਰਯ ਨੂੰ ਜਿਥੇ ਅਨ ਮ੍ਰਯਾਦਾ ਦੇ ਮੁਤਾਬਕ ਨਿਭ ਦਿਆ ਓਥੇ॥

ਹੇ ਪ੍ਰਦੇਸੀ ਪ੍ਰੀਤਮ ! ਆਪ ਦੇ ਦਰਸਨਾਂ ਲਈ ਸੰਗਤ ਸਮੇਤ ਸੁਹੇਵੇ ਸਾਹਿਬ ਪਹਲੇ ਗਰਮੀਆਂ ਦੀ ਬਹਾਰ ਵਿਚ ਤਪਦੀਆਂ ਦੀ ਨਿਆਂਈ ਕਈ ਸੌ ਅਖੰਡ ਪਾਠਾਂ ਦੀ ਤਪਸਯਾ ਕੀਤੀ। ਬਸ ਉਸੇ ਦਿਨ ਤੋਂ। ਹੇ ਸਮੁੰਦਰਾਂ ਤੋ ਪਾਰ ਵਿਚਰਨ ਵਾਲੇ ਚੋਜੀ ਪਾਤਸ਼ਾਹ।

ਆਪਦੇ ਇਸ ਪੰਜਾਬ ਦੀ ਅਭਾਗਨ ਹੋ ਚੁਕੀ ਧਰਤੀ ਤੇ ਮੁੜ ਦਰਸ਼ਨ ਪਰਸਨ ਹਿਤ ਵਾਈ ਲਖ ਗ੍ਰੰਥ ਸਾਹਿਬ ਦੇ ਪਾਠਾਂ ਦਾ ਪ੍ਰਵਾਹ ਸ਼ੁਰੂ ਕਰ ਦਿਤਾ, ਤੇ ਓਸ ਵਕਤ ਤਕ ਜਦੋਂ ਤਕ ਕਿ ਇਹ ਗਿਣਤੀ ਤਕ੍ਰੀਬਨ ੩ ਲਖ ਨ ਹੋ ਗਈ ਤੇਰੇ ਦਰਸ਼ਨ ਪਿਆਸੇ ਸਤਿਗੁਰੂ ਜੀ ਮਹਾਰਾਜ ਤੇ ਓਹ ਨਾਮਧਾਰੀ, ਜਿਨਾਂ ਨੂੰ ਅਨਮਤੀਆਂ ਕੂਕੇ ਕਮਲੇ, ਤੇ ਸੁਦਾਈ, ਤੇ ਕੁਰਾਹੀਏ, ਆਖਦੇ ਰਹੇ ਲਗਾਤਾਰ ਹਰ ਤਰੀਕ ਨਾਲ ਦਿਨ ਤੇ ਰਾਤ ਗਰਮੀ ਤੇ ਸਰਦੀ ਦੁਖ ਤੇ ਸੁਖ ਦੀ ਹਾਲਤ ਵਿਚ ਨਿਤ ਰਟਨ ਕੀਤਾ ਓਥ,

ਹੇ ਕਰਨ ਕਾਰਨ ਜਓ ! ਇਸ ਕਲੂ ਕਾਲ ਦੇ ਕੁਚਾਲ ਭਰ ਸਮੇ ਵਿਚ ਆਪ ਜੀ ਦੀ ਕ੍ਰਿਪਾ ਨਾਲ ਉਹ ਮਹਾਨ ਯਗ ਹਵਨ ਕੀਤਾ ਜਿਸਨੂੰ ਵੇਖਕੇ ਦੁਨੀਆਂ ਦੇ ਸਭ ਲੋਕ ਇਕ ਵੇਰਾਂ ਹੈਰਾਨ ਹੋ ਗਏ, ਮੈ ਵੇਖਿਆ ਕਿ ਓਸ ਮਹਾਨ ਯਗ ਦੇ ਪ੍ਰਭਾਵ ਨਾਲ ਹਰ ਜਿਤਨੇ ਕੰਮ ਹੋਣੇ ਚਾਹੀਦੇ ਸਨ ਉਹ ਸਾਰ ਹੋਏ ਲਗਾਤਾਰ ੧੫ ਦਿਨ ਬਾਰਸ਼ ਹੁੰਦੀ ਰਹੀ।

ਓਸ ਸਮੇ ਲਾਹੌਰ ਵਿਚ ਬਣ ਰਹੇ ਇਕ ਬੜੇ ਵਡੇ ਬੁਤ ਖਾਨੇ ਦੇ ਮਨਮੁਖ ਹੋਣ ਦਾ ਐਲਾਨ ਐਨ ਉਸ ਵਕਤ-ਓਸ ਦਿਨ ਹੋਇਆ ਜਿਸ ਵਲੇ ਇਸ ਹੋ ਰਹੇ ਯਗ ਹਵਨ ਵਿਚ ਪੂਰਨ ਅਹੂਤੀ ਪਾਈ ਜਾ ਰਹੀ ਸੀ ਇਸ ਤੋਂ ਇਲਾਵਾ ਪੂਰਨ ਅਹੂਤੀ ਸਮੇਂ ਇਕ ਗਰੜ ਨੇ ਸ੍ਰੀ ਭੈਣੀ ਸਾਹਿਬ ਵਿਚ ਓਸ ਯਗ ਹਵਨ ਦੇ ਭਵਨ ਤੇ ਕਈ ਉਡਾਰੀਆ ਲਾਕੇ ਅਵਾਹਨ ਸ੍ਰੀ ਵਿਸ਼ਨੂ ਭਗਵਾਨ ਦੇ ਔਣ ਦਾ ਪ੍ਰਤਖ ਸਬੂਤ ਦਿਤਾ। ਆਕਾਸ਼ ਦੇ ਦਵਤਿਆਂ ਦੀ ਜ਼ਬਾਨੀ ਜੈ ਜੈ ਕਾਰ ਦੇ ਸ਼ਬਦ ਸਨਾਈ ਦਿਤੇ ਪਰ ਹੇ ਰਚਾ ਦੇ ਮਾਲਕ ਤੇਰੇ ਦਰਸ਼ਨ ਦੇ ਬ੍ਰਿਹੀ ਸਤਿਗੁਰੂ ਤੇ ਓਸ ਯਗ ਹਵਨ ਦੇ ਤਪੀ ਨਾਮਧਾਰੀਆਂ ਨੂੰ ਆਪ ਦੇ ਸਾਮਰਤਖ ਦਰਸਨਾਂ ਤੋ ਵਾਂਜਿਆਂ ਹੀ ਵਾਪਸ ਔਣਾ ਪਿਆ ਇਸ ਮਹਾਂਨ ਤਪ ਤੋ ਪਿਛੋਂ ਕੀ—

ਹੇ ਇਛਾ ਪੂਰਕ ਜੀਓ ! ਆਪ ਦੇ ਦਰਸ਼ਨਾਂ ਦੀ ਚਾਰਸ ਟੁਟ ਗਈ, ਨਹੀ !! ਨਹੀ !! ਉਸੇ ਵੇਲੇ ਤੋਂ ਹੀ ਹੋਰ ਕਈ ਪ੍ਰੋਗ੍ਰਾਮ ਅਰੰਭ ਦਿਤੇ ਅਖੰਡ ਤਪ ਪ੍ਰਯੋਗ ਭਗੌਤੀਆਂ ਦੀਆਂ ਮਾਲਾ ਬਿਕ ਘੰਟਾ ਰੋਜ਼ਾਨਾ ਸਿਮਰਨ ਤੇ ਹੋਰ ਮੁੜ ਕੇ ਸੁਹੇਵੇ ਸਾਹਿਬ ਧਰਤੀਆ ਦੇ ਦਿਨ ਅਖੰਡ ਪਾਠ ਅਤੇ ਜਪ ਪ੍ਰਯੋਗ ਕੀਤੇ।

ਹਜ਼ੂਰ ਦੀਆਂ ਇਨ੍ਹਾਂ ਚੋਜ਼ਾਂ ਦੇ ਤੇਜ ਨਾਲ

NamdhariElibrary@gmail.com

ਹਿੰਦੁਸਤਾਨ ਵਿਚੋਂ ਓਹ ਅੰਗ੍ਰੇਜ਼ ਜੋਹੜਾ ਇਸ ਦੇਸ਼ ਨੂੰ ਬੇ ਖਰੀਦ ਬਣਾਈ ਬੈਠਾ ਸੀ ਇਕ ਦਮ ਖਾਲੀ ਕਰਕੇ ਨਿਕਲ ਗਿਆ ਤੇ ਹੋਰ ਭੀ ਕਈ ਅਸਾਧਾਰਨ ਕੰਮ ਸਾਧਾਰਨ ਰੂਪ ਵਿਚ ਆ ਗਏ।

ਪਰ! ਹੇ ਆਜ਼ਾਦੀ ਦੇ ਬੀਜ ਬੀਜਨ ਵਾਲੇ ਭਾਰਤ ਦੇ ਵਾਲੀਆ ਤੇਰੇ ਪਵਿਤ੍ਰ ਦਰਸ਼ਨ ਨੂੰ ਲੋਚ ਰਹੇ ਹਾਂ।

ਆਹਾ! ਜਿਥ ਲੋਕ ਅੰਗ੍ਰੇਜ਼ ਦੀ ਕੁਟਲ ਨੀਤੀ ਤੋਂ ਤੰਗ ਹੋਕੇ ਘਰਾਂ ਤੇ ਬੇਘਰ ਇਜ਼ਤ ਤੋਂ ਬੇਇਜ਼ਤ ਹੋਕੇ ਦਿਲ ਕਬਾਊ ਹਾਲਤ ਵਿਚ ਰੁਲਦੇ ਤੇ ਅਨਿਆਈ ਮੌਤੇ ਮਰਕੇ ਮਹਾਨ ਦੁਖ ਨੂੰ ਅਨੁਭਵ ਕਰ ਰਹੇ ਸਨ ਓਥੇ ਇਤਨੀਆ ਤਕਲੀਫਾਂ ਝਾਕਨ ਦ ਬਾਵਜੂਦ ਹਰ ਨਾਮਧਾਰੀ ਦਰਸ਼ਨ ਦੀ ਆਸ਼ਾ ਨੂੰ ਚਿਤਵਦਾ ਹੋਇਆ ਇਸ ਅਸਹਿ ਦੁਖ ਨੂੰ ਸੁਖ ਜਾਣਕੇ ਅੰਦਰੋ ਅੰਦਰ ਖੁਸ਼ੀ ਹੋ ਰਹਿਆ ਸੀ। ਤੇ ਅਜੇ ਉਸ ਵਕਤ ਤਕ ਜਦੋਂ ਕਿ ਬਾਰ੍ਹਵੇਂ ਸਰੂਪ ਵਿਚ ਮੜ ਪੰਜਾਬ ਵਿਚ ਔਣ ਵਾਲੇ ਗਰੀਬ ਨਿਵਾਜ਼ ਜੀਓ ਦਰਸ਼ਨ ਨਹੀਂ ਹੋ ਜਾਂਦੇ ਅਜੇ ਕਿਸੇ ਵਡੇ ਵਰਤਨ ਵਾਲੇ ਪ੍ਰੀਵਰਤਨ ਦੀ ਯਾਦ ਦੇ ਸੁਪਨੇ ਲੈ ਰਹਿਆ ਹੈ।

ਪਰ ਅੰਤਰਜਾਮੀ ਜੀਓ! ਤਰਸ ਕਰ, ਬਾਹੁੜੀ ਕਰ, ਨਾ ਛੁਡਾ ਮੇਰੇ ਜੇਹੇ ਕਮਜ਼ੋਰਾਂ ਦੇ ਹਥਾਂ ਵਿਚੋਂ ਆਸ਼ਾ ਦੀ ਡੋਰੀ ਏਹ ਤਾਂ ਕਦੇ ਹੋ ਨਹੀਂ ਸਕਦਾ ਕਿ ਆਪ ਪੰਜਾਬ ਵਿਚ ਨਾ ਆਵੋ, ਪਰ ਜਦੋਂ ਏਕ ਬੂੰਦ ਜਲ ਕਾਰਨੇ ਚਾਤ੍ਰਿਕ ਦੁਖ ਪਾਵੈ ਪਿਛੋਂ ਪ੍ਰਾਨ ਗਏ ਸਾਗਰ ਮਿਲੈ ਫੁਨ ਕਾਮਿ ਨ ਆਵੈ ਇਸ ਵਾਸਤੇ ॥

ਹੇ ਬਸੰਤ ਕੰਤ ਸਤਿਗੁਰੂ ਜੀਓ! ਆਵੋ ਪ੍ਰੀਤਮ ਝਬਦ ਆਵੋ ਨ ਤਰਸਾਵੋ ਬਹੁਤਾ ਹੁਣ ਹੋਈ ਅਖੀਰ ਧਾਰ ਦੀ ਠਾਕੁਰ ਆਣ ਕਹੋ, ਮੈ ਪਹੁਤਾ ਹੁਣ ਮੈ ਇਹ ਭੀ ਜਾਣਦਾ ਹਾਂ ਕਿ ਆਪ ਕੂਕਿਆ ਦੀਆਂ ਕੂਕਾਂ ਸੁਣਦੇ ਜ਼ਰੂਰ ਹੋ ਪਰ ਅਜੇ ਹੋਰ ਪਰਖਣਾ ਚਾਹੁੰਦੇ ਹੋ ਆਪ ਦੀ ਰਜ਼ਾ ਜਕਰ ਆਪ ਇਤਨਾ ਕੈਹਣ ਵਾਸਤੇ ਹੀ ਕਿ-ਨਾਮਧਾਰੀਓ ਤੁਸੀ ਪ੍ਰੀਖਿਆ ਵਿਚ-ਪੂਰੇ ਨਹੀਂ ਉਤਰੇ ਇਕ ਵੇਰਾਂ ਪ੍ਰਤੱਖਛਯ ਸਰੂਪ, ਵਿਚ ਆ ਜਾਵੋ, ਤਾਂ ਸਾਡੇ ਲਈ ਇਤਨਾ ਹੀ ਕਾਫੀ ਹੋਵੇਗਾ?

ਜਾਕੇ ਪ੍ਰਦੇਸੀਂ ਤੂ ਬੈਠਾ ਡੇਰੇ ਲਾ ਕੇ।

(ਵਲੋਂ ਸੰਤ ਕੇਹਰ ਸਿੰਘ ਜੀ 'ਕੇਹਰ ਰੋਪੜ')

ਦੁਖੀ ਹੋਈ ਪਰਜਾ ਦੇ ਸੁਣੀ ਤੂੰ ਸੰਦੇਸ਼ ਆਕੇ,
ਹਇਆ ਕੀ ਕਸੂਰ ਕਾਹਨੂੰ ਮਨ ਤੋ ਭੁਲਾ ਕੇ।
ਤੇਰੇ ਬਿਨਾ ਭਾਉਂਦਾ ਤਹਿਵਾਰ ਕੋਈ ਨ ਪ੍ਰੀਤਮਾ ਵੇ,
ਰੋ ਰੋ ਕੇ ਨੀਰ ਮਾਰੀਆਂ ਅਖਾਂ ਦੇ ਸੁਕਾ ਕੇ
ਮਾਹੀ ਦੇ ਹਿਜਰ ਵਿਚ ਹੋਇਆ ਮੰਦਾ ਹਾਲ ਸਾਡਾ,
ਖੂਨ ਸੁਕ ਗਿਆ ਤਨ ਪਿੰਜਰੇ ਬਣ ਕੇ।
ਕੂਕਿਆਂ ਦੀ ਕੂਕ ਤੇਨੂੰ ਸੁਣੀ ਨ ਪ੍ਰੀਤਮਾਂ ਵੇ,
ਜਾ ਕੇ ਪ੍ਰਦੇਸੀ ਤੂੰ ਬੈਠਾ ਡੇਰੇ ਲਾ ਕੇ।
ਲੈ ਕੇ ਕਾਲੀ ਕੰਬਲੀ ਤੂੰ ਚੜ ਗਿਓਂ ਗੱਡੇ ਉਤੇ,
ਬੈਠੇ ਹਾਂ ਉਡੀਕ ਦੇ ਹਾਂ ਦਾਤਾ, ਉਸੇ ਰਾਹ ਤੇ।
ਫੇਰੇਆਉਣ ਦੀਆਂ ਸਭ ਸ਼ਰਤਾਂ ਹਣ ਪੂਰਨ ਹੋਈਆਂ,
ਬੱਲੇ ਫਰੰਗੀ ਸਾਰੇ ਗਏ ਉ ਏਥੋਂ ਤੂੰ ਭਜਾ ਕੇ।
ਆਕੇਹੁਣ ਦੀਦ ਦੇਵੀਂ ਜ਼ਿਆਦਾ ਨ ਸਤਾ ਸਾਈ
ਭੁਖ ਤੇਰੇ ਦੀਦ ਵਾਲੀ ਹੋਰ ਦੁਖੜੇ ਮੁਕਾ ਤੇ॥
ਕੂਕਿਆਂ ਦੀ ਕੂਕ ਤੇਨੂੰ ਸੁਣੀ ਨਾ ਪ੍ਰੀਤਮਾ ਵੇ
ਜਾ ਕੇ ਪਰਦੇਸਾਂ ਤੂੰ ਬੈਠਾ ਡੇਰੇ ਲਾ ਕੇ।
ਦੇ ਕੇ ਦੀਦ ਈਦ ਕਰ ਆਪਣੇ ਦੀਵਾਨਿਆਂ ਦੇ,
ਰੋ ਰੋ ਕੇ ਜਿਨ੍ਹਾਂ ਯਾਦ ਵਿਚ ਨੇਤਰ ਗੁਆ ਤੇ।
ਜ਼ੁਲਮ ਵ ਸਿਤਮ ਦਾ ਹੈ ਜ਼ੋਰ ਫਿਰ ਹੋਣ ਲਗਾ,
ਲਖਾਂ ਹੀ ਨੇ ਪਾਠ ਅਤੇ ਹਵਨ ਕਰਾ ਤੇ।
ਕਹਿਕ ਇਕ ਵਾਰ ਫਿਰ ਆਇਆ ਨਾ ਪ੍ਰੀਤਮਾਂ ਵੇ
ਬਹੁਤੇ ਹੀ ਪਿਆਰ ਤੂੰ ਬਸੰਤ ਦੇ ਲੰਘਾ ਤੇ।
ਕੂਕਿਆਂ ਦੀ ਕੂਕ ਕੇਹਰ ਸੁਣੀ, ਨ ਪ੍ਰੀਤਮਾ ਵੇ,
ਜਾ ਕੇ ਪ੍ਰਦੇਸੀਂ ਤੂੰ ਬੈਠਾ ਡੇਰੇ ਲਾ ਕੇ।

ਕਿਉ ਤੇਰਾ ਇਨਕਾਰ ਹੈ ॥

ਵਲੋਂਃ—ਸੰਤ ਸੁਰਜਨ ਸਿੰਘ "ਪ੍ਰੇਮੀ" ਪਿੰਡ ਸਿਆੜ
ਜਿਲਾ ਲੁਧਿਆਨਾ

ਦਾਦਾ ਰਾਰਾ ਸਸਾ ਨਨਾ ਏਸੇ ਦਾ ਪਿਆਰ ਹੈ।
ਚੀਨੀ ਵਾਲੇ ਦਿਨ ਰਾਤ ਤੇਰਾ ਇੰਤਜ਼ਾਰ ਹੈ।
ਤਾਹਨੇ ਮੇਹਨੇ ਦੇਣ ਅਜ ਲਗ ਗਈਆਂ ਸਖੀਆਂ।
ਗਮਾਂ ਦਿਆਂ ਅਥਰੂਆਂ ਰੋਕ ਲਈਆਂ ਅੱਖੀਆਂ।
ਦੇਖ ਭਾਵੇ ਆਕੇ ਜੇ ਤਾਂ ਨਹੀਂ ਇਤਬਾਰ ਹੈ......।
ਸਸਾ ਗੜਾ ਨਨਾ ਦਸ ਕਿਵੇਂ ਮੈਂ ਮਨਾ ਲਵਾਂ।
ਹਾਰ ਤੇ ਸ਼ਗਾਰ ਹਾਏ ਕਿਵੇਂ ਮੈਂ ਲੜਾ ਲਵਾਂ।
ਤੇਰੇ ਬਾਹਝੋਂ ਪੀਆ ਦਿਲ ਮੇਰਾ ਬੇ-ਕਰਾਰ ਹੈ।
ਜੋਗਨਾਂ ਦਾ ਭੇਸ ਗਲ ਵਿਚ ਖੁਲੇ ਕੇਸ ਏ।
ਦਿਲ ਵਿਚ ਹਾਵਾ ਪੀਆ ਮੇਰਾ ਪ੍ਰਦੇਸ ਏ।
ਦੁਖਾਂ ਵਾਲਾ ਸੂਰਜ ਨਿਤ ਹੁੰਦਾ ਨਮੂੰਦਾਰ ਹੈ।
ਤੇਰੇ ਬਾਹਝੋਂ ਵੈਰੀ ਕਲ ਹੋ ਗਿਆ ਜ਼ਮਾਨਾ ਏ।
ਜੰਗਲਾਂ 'ਚ ਰੁਲਾਂ ਕੋਈ ਮਿਲੇ ਨ ਟਕਾਨਾ ਏ।
ਪੁਛਿਆ ਬਥੇਰਾ ਮੈਂ ਤਾਂ ਹਾਏ ਹੂਬਾਂ ਮਾਰ ਹੈ।
ਬਦਲ ਤੇ ਵਾਏ ਤੇਨੂੰ ਪਛ ੨ ਆਉਦੀਆਂ।
ਹਾਏ! ਚੁਪ ਤੋਂ ਬਗੈਰ ਮੈਨੂੰ ਕੁਝ ਨਹੀਂ ਸਨਾਉਂਦੀਆਂ।
ਲਗਦਾ ਨਹੀਂ ਪਤਾ ਕਿਓ ? ਤੇਰਾ ਇਨਕਾਰ ਹੈ।
ਅਗਨ ਬਿਰਹੋਂ ਦੇ ਹਾਏ ਭਠ ਪਏ ਦਗਦੇ।
ਤਾਹਨੇ ਮੇਹਨੇ ਬਨਕੇ ਵਰੋਲੇ ਪਏ ਵਗਦੇ।
ਲਗ ਗਈ ਤੜਫ ਦੁਖ ਰਹੇ ਅੰਗਿਆਰ ਹੈ।
ਹੁਸਨ ਜਵਾਨੀ ਢਲੀ ਚਿਟੇ ਹੋਏ ਵਾਲ ਨੇ।
ਦਿਨ ਰਾਤ ਸਾਨੂੰ ਲੜੇ ਫਿਕਰਾਂ ਦੇ ਜਾਲ ਨੇ।
ਯਾਦ ਕਰ ਸਾਡੇ ਨਾਲ ਕੀਤਾ ਜੋ ਕਰਾਰ ਹੈ।
ਦਿਨੋ ਦਿਨ ਕੂਕਿਆਂ ਦੇ ਅਜਬ ਹੀ ਰੰਗ ਨੇ।
ਤੈਨੂੰ ਤਾਂ ਮਨੌਣ, ਲਈ ਕਰ ਦੇ ਕਈ ਢੰਗ ਨੇ।
ਬਾਕੀ ਨ "ਪ੍ਰੇਮੀ" ਹੁਨ ਐਵੇ ਤਕਰਾਰ ਹੈ।
ਚੀਨੀ ਵਾਲੇ ਦਿਨ ਰਾਤ ਤੇਰਾ ਇੰਤਜ਼ਾਰ ਹੈ।

Sri Satguru Jagjit Singh Ji Elibrary NamdhariElibrary@gmail.com

'ਸਤਿਜੁਗ' ਦੇ ਸਤਿਜੁਗੀ ਨਜ਼ਾਰੇ !

[ਸ੍ਰੀ ਮਹੰਤ ਪ੍ਰਤਾਪ ਸਿੰਘ ਜੀ ਵੈਦਰਾਜ ਸਾਬਕ ਐਡੀਟਰ ਨਿਰਮਲ ਸੰਦੇਸ਼
ਕਾਉਂਕੇ ਕਲਾਂ ਜ਼ਿਲਾ ਲੁਧਿਆਣਾ]

੧੨ ਬਾਹਰਵੀਂ ਪਾਤਸ਼ਾਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਿਵਾਜੇ ਨਾਮਧਾਰੀ ਪੰਥ ਦਾ, ਇਕੋ ਇਕ ਸਪਤਾਹਿਕ ਪੰਜਾਬੀ ਪੱਤ੍ਰ 'ਸਤਿਜੁਗ' ੨੬-੨੭ ਸਾਲ ਤੋਂ ਆਰੰਭ ਹੋ ਚੁਕਾ ਹੈ, ਜੋ ਹੁਣ ਤੀਕ ਇਕ ਰਸ ਸੁਮੇਰ ਪਰਬਤ ਵਾਂਗ ਅਡੋਲ ਹੋ ਕੇ ਨਾਮਧਾਰੀ ਪੰਥ ਦੇ ਬੱਚੇ ਬੱਚੇ ਦੇ ਕਰ ਕਵਲਾਂ ਵਿਖੇ ਹਰ ਸ਼ਨਿਚਰ ਨੂੰ ਪੁਜ ਰਿਹਾ ਹੈ, ਅਤੇ ਅਗੇ ਲਈ ਪੁਜਦਾ ਰਵੇਗਾ। ਕੇਵਲ ਨਾਮਧਾਰੀਆਂ ਨੂੰ ਹੀ 'ਸਤਿਜੁਗ' ਨਹੀਂ ਪੁਜ ਰਿਹਾ ਬਲਕਿ ਗੈਰ ਨਾਮਧਾਰੀ ਵੀ ਇਸਨੂੰ ਉਤਨਾ ਹੀ ਮਾਣ ਦੇ ਰਹੇ ਹਨ ਜਿਨਾ ਕਿ ਨਾਮਧਾਰੀ ਦੇ ਰਹੇ ਹਨ। ਹਰ ਇਕ ਸਭਾ, ਸੁਸੈਟੀ, ਰਾਜ ਦਰਬਾਰ, ਅਮੀਰ, ਗਰੀਬ, ਸਰਦਾਰ, ਸੰਤ, ਮਹੰਤ, ਰਈਸ ਹਰ ਇਕ ਸ੍ਰੇਣੀ ਦੇ ਵਿਦਵਾਨ ਇਸ ਨੂੰ ਡੂੰਘੀ ਨਿਗਾਹ ਨਾਲ ਪੜ੍ਹਦੇ ਹਨ, ਜਿਥੇ ਹੋਰ ਰੋਜ਼ਾਨਾ ਅਖਬਾਰਾਂ, ਰਸਾਲੇ ਸਪਤਾਹਕ ਪੱਤ੍ਰ ਹਜ਼ਾਰਾਂ ਦੀ ਗਿਣਤੀ ਵਿਚ ਪੁਜਦੇ ਉਥੇ 'ਸਤਿਜੁਗ' ਦੀ ਨਿਰਾਲੀ ਸ਼ਾਨ ਨਾਲ ਸੋਭਾ ਪਾਂਦਾ ਹੈ, ਭਾਵੇਂ ਇਸਦਾ ਜਨਮ ਇਕ ਛੋਟੇ ਜੇਹੇ ਪਵਿਤਰ ਅਸਥਾਨ ਤੋਂ ਹੋਇਆ ਪਰ ਉਸ ਅਸਥਾਨ ਦੀ ਮਹਾਨਤਾ ਨੇ ਇਸਨੂੰ ਰਾਜੇ ਮਹਾਰਾਜਿਆਂ ਦੇ ਹੱਥਾਂ ਵਿਚ ਪੁਚਾਇਆ. ਇਸਦਾ ਕੀ ਕਾਰਨ ਸੀ? ਇਸਦਾ ਵੱਡਾ ਕਾਰਨ ਏਹੀ ਜਾਪਦਾ ਹੈ ਕਿ ਇਸਨੇ ਆਪਣੇ ਸਾਜਣਹਾਰ ਅਕਾਲ ਪੁਰਖ ਦੀ ਜੋਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀ ਕੀਰਤੀ ਨੂੰ ਨਹੀਂ ਭੁਲਾਇਆ। ਜਦੋਂ ਵੀ ਉਸ ਸਮਰਥ ਕਲਾ ਸੰਪੂਰਨ ੧੨ਵੇਂ ਗੁਰੂ ਦਾ ਪਵਿਤਰ ਅਵਤਾਰ ਦਿਨ ਔਂਦਾ ਰਿਹਾ ਇਸਨੇ ਏਹੋ ਜਹੇ ਬਸੰਤ ਅੰਕ ਕਢੇ ਜੋ ਜਿਸਨਾ ਅੰਕਾਂ ਨੂੰ ਪੜ੍ਹ ਪੜ੍ਹ ਕੇ ਦਰਸ਼ਨ ਕਰਕੇ ਲਖਾਂ ਵਾਹੋ-ਦਾਹੀ [illegible] ਉਤਾਵਲੇ ਹੋਏ ਕਿਉਂਕਿ ਉਨਹਾਂ ਅੰਕਾਂ ਵਿਚ ਚੀਨੀ ਵਲੇ, ਸਤਗੁਰਾਂ ਦੇ ਰੰਗ ਬਰੰਗ ਚਿਤਰ ਗੁਰੂ ਹਰੀ ਸਿੰਘ ਜੀ ਮਹਾਰਾਜ ਗੁਰੂ ਬਾਲਕ ਸਿੰਘ ਜੀ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਹੋਰ ਨਾਮਧਾਰੀ ਮਖੀਆਂ ਸੂਬੇ ਸੰਤਾਂ ਮਹੰਤਾਂ ਦੇ ਸੋਹਣੇ ਫੋਟੋ ਉਚ ਚੋਟੀ ਦੇ ਵਿਦਵਾਨਾਂ ਦੇ ਲੇਖ ਅਤੇ ਕਵਿਤਾਵਾਂ ਸਤਿਗੁਰਾਂ ਦੇ ਜੀਵਨ ਆਪਣੀ ਬਧੀ ਅਨੁਸਾਰ ਰੰਗ ਬਰੰਗੀ ਫੁਲਾਂ ਦਾ ਗੁਲਦਸਤੇ ਬਸੰਤ ਦਿਵਸ ਉਪਰ 'ਸਤਿਜੁਗ' ਦੇ ਬਸੰਤ ਅੰਕ ਨਾਮਧਾਰੀ ਪੰਥ ਤੇ ਗੈਰ-ਨਾਮਧਾਰੀਆਂ ਨੂੰ ਪੁਜਦੇ ਰਹੇ ਭਾਵੇਂ ਉਹਨਾਂ ਅੰਕਾਂ ਦੀ ਕੀਮਤ ਰੁਪਿਆ ਡੇਢ ਰੁਪਿਆ-ਹੁੰਦੀ ਸੀ। ਪਰ ਉਹ ਅੰਕ ਹੁਣ ਲਭਣ ਚਾਹੀਏ ਤਾਂ ਬੀਸ ਬੀਸ ਰੁਪਏ ਨੂੰ ਇਕ ਅੰਕ ਮਿਲਣਾ ਮੁਸ਼ਕਲ ਹੈ, [illegible]। ਉਨਹਾਂ ਦਿਨਾਂ ਛਪੱਈਆਂ ਦੀ ਛਪਾਈ, ਕਾਗਜ਼ ਰੰਗ ਬਰੰਗੇ ਸਾਹਰੀ ਟਾਈਟਲ ਜਿਨ੍ਹਾਂ ਤੇ ਸਤਿਗੁਰਾਂ ਦੇ ਪਵਿਤਰ ਕਈ ਸ਼ਕਲਾਂ ਵਿਚ ਫੋਟੋ ਜਿਵੇਂ ਜਿਵੇਂ ਚੰਨੀ ਵਾਲੇ ਨੇ ਕਾਪੀਆਂ ਕੀਤੇ ਉੱਚਾਦੇ ਜੀ ਫੋਟੋ, ਪ੍ਰਸਿਧ ਚਿਤਰਕਾਰ ਸੰਤ ਹਰਨਾਮ ਸਿੰਘ ਨਾਮਧਾਰੀ ਯਾ ਹੋਰ ਚਿਤ੍ਰਕਾਰਾਂ ਨੇ ਸਤਿਗੁਰਾਂ ਦੇ ਏਹੋ ਜੇਹੇ ਚਿਤ੍ਰ ਬਨਾਏ ਜਿਨਹਾਂ ਦੇ ਦਰਸ਼ਨ ਹੀ ਨਹੀਂ ਸਨ ਗੁਰੂ ਰਾਮ ਸਿੰਘ ਜੀ ਸਾਖਸ਼ਾਤ ਦਰਸ਼ਨ ਦਿੰਦੇ ਸਨ ਉਨਹਾਂ ਅੰਕਾਂ ਦੀ ਸਿਆਣੇ ਨਾਮਧਾਰੀ ਮਹਾਂ-ਪੁਰਖਾਂ ਨੇ ਜਿਵੇਂ ਕਿਸੇ ਖਾਸ

Sri Satguru Jagjit Singh Ji Elibrary NamdhariElibrary@gmail.com

ਚਾਜ ਦੀ ਜਵੇਂ ਰੂਪੇ ਪਦਾਰਥ ਨੂੰ ਗਹਜ ਰਖੀਦਾ ਹੈ ਏਦਾਂ ਉਨਾ ਅੰਕਾਂ ਨੂੰ ਸੋਹਣੇ ਰੁਮਾਲਾ ਵਿਚ ਮਿਲਦਾ ਬਣਾਕੇ ਹੁਣ ਤੀਕ ਰਖਿਆ ਹੈ, ਧੂਪਾਂ ਦੇਕੇ ਮਥੇ ਟੇਕਦੇ ਹਨ। ਬੜੀਆਂ ਬੜੀਆਂ ਲਾਇਬ੍ਰੇਰੀਆਂ ਵਿਚ 'ਸਤਿਜੁਗ' ਦੇ ਬਸੰਤ ਅੰਕਾਂ ਦੀਆਂ ਇਕ ਇਕ ਦੋ ਦੋ ਕਾਪੀਆਂ ਬੜੀ ਗੌਹ ਨਾਲ ਰਖੀਆਂ, ਇਸਦਾ ਇਕੋ ਹੀ ਕਾਰਨ ਕਿ ਚੀਨੀ ਵਾਲੇ ਸਤਗੁਰ ਦੀ ਉਪਮਾ। ਇਸੇ ਕਰਕੇ ਇਸ 'ਸਤਿਜੁਗ' ਨੂੰ ਰਾਜੇ ਮਹਾਰਾਜਿਆਂ ਨੇ ਬੀ ਅਪਨਾਇਆ। ਬਸੰਤ ਅੰਕਾਂ ਤੋਂ ਬਿਨਾ ਹੋਰ ਬੀ ਸਮੇਂ ਅਨੁਸਾਰ ਅੰਕ ਨਿਕਲਦੇ ਰਹੇ ਜਿਸਦੇ ਦਰਮਿਆਨ ਸਮੇਂ ਦੇ ਅਨੁਸਾਰ ਚਾਰੋਂ ਤਰਫ ਵਾਯੂਆਂ ਚਲੀਦੀਆਂ ਰਹੀਆਂ, ਪਰ 'ਸਤਿਜੁਗ' ਨੇ ਆਪਨੀ ਸਤਿਜੁਗੀ ਚਾਲ ਨਹੀਂ ਛਡੀ। ਭਾਵੇਂ ਖਾਉ ਦੇ ਬਦਲੇ ਸਮੇਂ ਕਈ ਪਾਠਕਾਂ ਤੋਂ ਪਛੜਨਾ ਪਿਆ, ਭਾਵੇਂ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਜੀਵਨ ਨਗਰ ਪ੍ਰੈਸ ਬਦਲਣ ਨੇ ਇਸਨੇ ਕੁਝ ਵਿਲੰਭ ਕੀਤਾ। ਪਰ ਨਾਮਧਾਰੀ ਆਸ਼ਕਾਂ ਦੇ ਦਿਲਾਂ ਪਰ ਛੁਰੀਆਂ ਚਲਣ ਲਗ ਪਈਆਂ ਮੋਹਿਤ ਪਾਠਕਾਂ ਨੇ ਮਹਾਨ ਪ੍ਰਤਾਪ ਵਾਲੇ ਸ੍ਰੀ ਸਤਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਬੇਨਤੀਆਂ ਕਰਕੇ ਫਿਰ ਸ੍ਰੀ ਜੀਵਨ ਨਗਰ ਛਪਣਾ ਅਰੰਭ ਹੋਇਆ, ਸਮੇਂ ਦੀਆਂ ਬਦੀਲੀਆਂ ਸਮੇਂ ਅਨੁਸਾਰ ਸਫ਼ੀਆਂ ਹੋ ਰਹੀਆਂ ਹਨ।

ਕਿਸੇ ਸੁਸਿਟੀ ਦੇ ਅਖਵਾਰ ਨੂੰ ਵੇਖੋ ਝੂਠ, ਠੱਗੀ, ਧੋਖਾ, ਚਾਰ ਸੌ ਬੀਹ ਫਰੇਬ ਆਪੋ ਵਿਚ ਦੂਜਾ ਦੂਜੇ ਤੇ ਚਿਕੜ ਸੁਟ ਰਿਹਾ ਹੈ, ਬਾਂਸਾਂ ਦੇ ਜੰਗਲ ਵਾਂਗ ਆਪੋ ਖਹਿ ਖਹਿ ਜਲ ਰਹੇ ਹਨ, ਜਲ ਹੀ ਨਹੀਂ ਰਹੇ ਖਾਕਦੀ ਢੇਰੀ ਹੋ ਰਹੇ। ਦੂਜਾ ਦੂਜੇ ਦੀ ਪੱਗ ਨੂੰ ਲਾਹ ਰਿਹਾ ਹੈ, ਚੌਧਰੀਆਂ ਮੈਂਬਰੀਆਂ ਜਥੇਦਾਰੀਆਂ ਦੇ ਘੋਲ ਹੋ ਰਹੇ ਨੇ, ਹਰ ਰੋਜ਼ ਗੰਦ ਉੱਗਲ ਰਹੀਆਂ ਹਨ ਦੂਜੇ ਦੇ ਚਿਕੜ ਸੁਟ ਰਹੇ ਹਨ, ਪਰ ਇਧਰ ਇਕੋ ਇਕ ਨਾਮਧਾਰੀ ਪੰਥ ਦਾ 'ਸਤਿਜੁਗ' ਅਖਵਾਰ ਹੈ, ਜਿਸਨੂੰ ਆਪਨੇ ਸਤਿਗੁਰਾਂ ਦੀ ਆਗਿਆ ਬਿਨਾ ਬੁਰਾ ਭਲਾ ਲਿਖਣਾ ਹੀ ਚੰਗਾ ਨਹੀਂ ਸਮਝਦਾ। ਜੇ ਲਿਖਦਾ ਹੈ, ਤਾਂ ਦੇਸ ਭਲੇ ਲਈ, ਜੇ ਕਲਮ ਚੁਕਦਾ ਹੈ, ਤਾਂ ਗਊ-ਗਰੀਬ ਦੀ ਰਖਸ਼ਾ ਲਈ, ਜੇ ਕਹਿਦਾ ਹੈ ਤਾਂ ਸਭ ਦੇ ਭਲੇ ਲਈ, ਵਾਹ ਧੰਨ ਹੈ ਤੂੰ 'ਸਤਿਜੁਗ'! ਹਰ ਦੁਨੀਆਂ ਚੋਣ ਘੋਲਾ ਵਿਚ ਲੰਗੋਟ ਕਸਕੇ ਘੁਲ ਰਹੀ ਹੈ, ਤੂੰ ਆਪਣੇ ਚੀਨੀ ਵਾਲੇ ਦੇ ਵਿਛੋੜੇ ਦੇ ਗੀਤ ਗਾਕੇ ਵਿਯੋਗੀ ਮਰਜੀਵੜਿਆਂ ਨੂੰ ਜਗਾ ਰਿਹਾ ਹੈ, ਤੂੰ ਧੰਨ ਹੈ ਜੋ ਹਰ ਹਫਤੇ ਦੇਸਾਂ ਪ੍ਰਦੇਸਾਂ ਵਿਚ ਬੈਠੇ ਨਾਮਧਾਰੀ ਪੰਥ ਨੂੰ ਪਿਆਰੇ ਸਤਿਗੁਰੂ ਜੀ ਦੇ ਦੀਦਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਜਿਥੇ ਜਿਥੇ ਪਵਿਤ੍ਰ ਚਰਨ ਕਵਲ ਧਰਦੇ ਹਨ ਤੂੰ ਓਨਾਂ ਦੀ ਕਲਮ ਰਾਹੀਂ ਸਾਰੀ ਖਬਰ ਘਰ ਬੈਠਿਆਂ ਨੂੰ ਹਰ ਹਫਤੇ ਪੁਚਾ ਰਿਹਾ ਹੈ, ਮੇਰੇ ਜੈਹੇ ਨਾ-ਚੀਜਾਂ ਨੂੰ ਬੀ ਸ੍ਰੀ ਸਤਿਗੁਰੂ ਜੀ ਦੇ ਪਵਿਤਰ ਮੁਖਾਰਬਿੰਦ ਵਿਚੋਂ ਉਚਰੇ, ਕਥਾ ਕੀਰਤਨ, ਕਲਮ ਰਾਹੀਂ ਸੁਣਾ ਰਿਹਾ ਹੈ, ਜਿਥੇ ਤੂੰ ਧੰਨਤਾ ਦੇ ਯੋਗ ਹੈ ਓਥੇ ਤੇਰੇ ਲਿਖਾਰੀ ਅਰ ਸੰਪਾਦਿਕ, ਪ੍ਰੈਸਮੈਨ, ਕੰਪੋਜ਼ੀਟਰ ਵੀ ਧੰਨਤਾ ਦੇ ਜੋਗ ਹਨ। ਜੋ ਆਪਨੇ ਹੱਥਾਂ ਵਿਚ ਦੀ ਸਤਿਗੁਰਾਂ ਦੇ ਜਸਨੂੰ (ਕੰਪੋਜ਼) ਕਰ ਰਹੇ ਹਨ ਜਿਤਨਾ ਵੀ ਸ੍ਰੀ ਗੁਰੂ ਰਾਮ ਹਰੀ ਪ੍ਰੈਸ ਦਾ ਸਟਾਫ ਹੈ, ਸਾਰਾ ਹੀ ਸਲਾਹੁਣ ਯੋਗ ਹੈ, ਜੋ ਕਿ ਨਿਸਕਾਮ ਸੇਵਾ ਵਿਚ ਦਿਨ ਰਾਤ ਵਿਚ ਲਗੇ ਰੈਹਂਦੇ ਹਨ। ਐ 'ਸਤਿਜੁਗ' ਤੂੰ ਉਸ ਵਰਤ ਸਮੇਂ ਗੁਣਾਨਵਾਦ ਕਰ ਜਿਸਨੇ ਤੈਨੂੰ ਅਨੇਕ ਝਖੜ ਝੁਲਦਿਆਂ ਤੋਂ ਬਚਾ ਰਖਿਆ ਹੈ। ਉਸ ਵੱਡੇ ਸ੍ਰੋਮਣੀ ਸਤਿਗੁਰੂ ਦਾ ਸਦਕਾ ਹੈ, ਜੋ ਤੈਨੂੰ ਨਾਮਧਾਰੀ ਪੰਥ ਅਪਣਾ ਰਿਹਾ ਹੈ। ਧੰਨ ਨਾਮਧਾਰੀ! ਕੋਈ ਅਮੀਰ ਹੈ ਭਾਵੇਂ ਗ੍ਰੀਬ ਹੈ ਤੇਰਾ ਚੰਦਾ ਤੈਨੂੰ ਦੇ ਰਹੇ ਹਨ। ਧੰਨ ਹਨ ਓਹ ਨਾਮਧਾਰੀ ਵੀਰੇ, ਮਾਈ, ਭਾਈ। ਅੱਜ ਤੂੰ ਚੀਨੀ ਵਾਲੇ ਸਤਿਗੁਰੂ ਜੀ ਦੇ ਅਵਤਾਰ ਦਿਵਸ ਪਰ (ਬਸੰਤ ਅੰਕ) ਕਢ ਰਿਹਾ ਹੈ, ਜੰਮ ਜੰਮ ਆ ਦਿਨੀ ਰਾਹੀ ਤੂੰ ਆਵੇ।

—:o:—

Sri Satguru Jagjit Singh Ji Elibrary NamdhariElibrary@gmail.com

ਪੰਜਾਬ ਦੀ ਧਰਤੀ ਤੇ ਬਸੰਤ ਰੁਤ !

[ਵਲੋਂ:—ਸ੍ਰੀਮਾਨ ਸੰਤ ਹਰਬੰਸ ਸਿੰਘ ਜੀ "ਦੇਸ਼ੀ" ਲਖਨਊ]

ਪੰਜਾਬ, ਜਿਹੜਾ ਕਿ ਅਜ ਹਿੰਦੁਸਤਾਨ ਦੀ ਸਰਹੱਦ ਮੁਕਰਰ ਹੋ ਗਿਆ ਏ, ਇਸ ਤੋਂ ਪਹਿਲਾਂ ਦਾ ਪੰਜਾਬ ਹਿੰਦੁਸਤਾਨ ਦਾ ਇਕ ਦਰਵਾਜ਼ਾ ਸੀ, ਕਿਉਂਕਿ ਉਤਰ ਵਲੋਂ ਸਭ ਹਮਲਾ-ਆਵਾਰ ਏਸੇ ਹੀ ਰਸਤੇ ਹਿੰਦੁਸਤਾਨ ਤੇ ਚੜ੍ਹਾਈ ਕਰਦੇ ਰਹੇ। ਮਹਮੂਦ ਨੇ ਸਤਾਰਾਂ ਹਮਲੇ ਏਸੇ ਹੀ ਰਸਤੇ ਕੀਤੇ, ਬੜੀ ਬੇ-ਦਰਦੀ ਤੇ ਨਿਰਦਜਤਾ ਨਾਲ ਲੁਟ ਮਾਰ ਮਚਾਂਦਿਆਂ ਪੰਜਾਬ ਨੂੰ ਤਬਾਹ ਤੇ ਬਰਬਾਦ ਕਰਦਿਆਂ ਤੈਮੂਰ ਤੇ ਬਾਬਰ ਆਦਿ ਨੇ ਏਧਰੋਂ ਹੀ ਹੱਲੇ ਬੋਲੇ, ਨਾਦਰਸ਼ਾਹ, ਅਹਮਦ ਸ਼ਾਹ ਅਬਦਾਲੀ ਤੇ ਸ਼ਾਹ ਜ਼ਮਾਨ ਨੇ ਵੀ ਏਸੇ ਹੀ ਰਸਤੇ ਭਾਰਤ ਦੀ ਸਰ-ਜ਼ਮੀਨ ਉਤੇ ਹਮਲੇ ਸ਼ੁਰੂ ਕੀਤੇ। ਗਲ ਕੀ ਇਸ ਸੋਨੇ ਦੀ ਚਿੜੀ ਹਿੰਦਸਤਾਨ ਨੂੰ ਜ਼ਾਲਮਾਂ ਦੇ ਆਏ ਦਿਨ ਦੇ ਨਿਤ ਨਵਿਆਂ ਹਮਲਿਆਂ ਨੇ ਰੱਜ ਰੱਜ ਬਰਬਾਦ ਕੀਤਾ, ਤੇ ਇਸ ਧਰਤੀ ਦੇ ਵਸਨੀਕਾਂ ਉਤੇ ਮਨ ਭਾਉਂਦੇ ਅਤਿਆਚਾਰ ਕੀਤੇ, ਹਿੰਦੀ ਜੋਬਨਵਤੀ ਲੜਕੀਆਂ ਤੇ ਮਰਦਾਂ ਨੂੰ ਗ਼ਜ਼ਨੀ ਦੇ ਬਾਜ਼ਾਰਾਂ ਵਿਚ ਭੇਡਾਂ ਬਕਰੀਆਂ ਵਾਂਗ ਦੋ-ਦੋ ਰੁਪੈ ਤੋਂ ਵੇਚਿਆ ਗਿਆ। ਲੋਕਾਂ ਨੂੰ ਆਪਣੀ ਜ਼ਿੰਦਗੀ ਦਾ ਹਰ ਲਮਾ ਖਤਰੇ ਤੋਂ ਖ਼ਾਲੀ ਨਹੀਂ ਸੀ ਜਾਪਦਾ, ਏਥੋਂ ਤਕ ਕਿ ਖਾਣ ਵਾਸਤੇ ਪੱਕ ਰਹੀ ਰੋਟੀ ਉਤੇ ਵੀ ਉਹਨਾਂ ਨੂੰ ਸ਼ਕ ਹੁੰਦਾ ਸੀ, ਕਿ ਪਤਾ ਨਹੀਂ ਇਸ ਨੂੰ ਅਸੀਂ ਖਾਵਾਂਗੇ ਯਾ ਕਾਬਲੀ ਗਿਲਜ਼ੇ ਹੀ ਆ ਝੱੜਪਣਗੇ। ਹਰ ਵਕਤ ਲੋਕ ਭੈ-ਭੀਤ ਰਹਿੰਦੇ ਸਨ, ਹਰ ਛੋਟੇ ਵਡੇ ਦੀ ਜ਼ਬਾਨ ਉਤੇ ਉਸ ਵੇਲੇ ਇਹ ਗੱਲ ਚੜ੍ਹੀ ਸੀ ਕਿ:—

'ਖਾਧਾ ਪੀਤਾ ਲਾਹ ਦਾ,
ਤੇ ਬਾਕੀ ਅਹਮਦ ਸ਼ਾਹ ਦਾ।

ਸ਼ਹਿਨਸ਼ਾਹ ਔਰੰਗਜ਼ੇਬ ਦੇ ਜ਼ੁਲਮੀ ਸਾਕਿਆਂ ਤੋਂ ਭਲਾ ਕਿਹੜਾ ਹਿੰਦੀ ਨਾ-ਵਾਕਿਫ਼ ਹੈ, ਮੁਤਅੱਸਬੀ ਹੋਣ ਸਦਕਾ ਬੜੀ ਕਠੋਰਤਾ ਤੇ ਨਿਰਦਯਤਾ ਨਾਲ ਜੋ ਜੋ ਉਸ ਨੇ ਜ਼ੁਲਮ ਕੀਤੇ, ਯਾਦ ਮਾਤ੍ਰ ਨਾਲ ਹੀ ਰੋਂਗਟੇ ਖੜੇ ਹੋ ਜਾਂਦੇ ਹਨ॥

ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਤਕ ਸਮੇਂ ਦੇ ਵਾਤਾਵਰਣ ਅਨੁਸਾਰ ਹੀ ਗੁਰੂ ਸਾਹਿਬਾਂ ਨੇ ਜ਼ੁਲਮੋ ਸਿਤਮ ਨੂੰ ਖਤਮ ਕਰਨ ਦਾ ਪ੍ਰਯਤਨ ਕੀਤਾ। ਜਿਥੇ ਨੌਂ ਗੁਰੂ ਸਾਹਬਾਂ ਨੇ ਸ਼ਾਂਤ-ਮਈ ਨਾਲ ਜ਼ੁਲਮੀ ਹਕੂਮਤ ਨਾਲ ਟਕਰ ਲਈ ਓਥੇ ਜੋ ਗੁਰੂ ਸਾਹਿਬਾਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ਼ਾਂਤਿ-ਰਸ ਤੇ ਬੀਰ-ਰਸ ਦੋਨਾਂ ਨੂੰ ਵਰਤਿਆ, ਭਾਵ ਲੋੜ ਅਨੁਸਾਰ ਤਲਵਾਰ ਨੂੰ ਵੀ ਹਥ ਵਿਚ ਲਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਾਂ ਵਸ਼ੇਸ਼ ਰੂਪ ਵਿਚ ਇਕ ਦੇਸ਼ ਸੇਵਕ ਸੈਨਾਂ ਜਿਸਨੂੰ ਖਾਲਸਾ ਪੰਥ ਦੇ ਨਾਮ ਯਾਦ ਕੀਤਾ ਜਾਂਦਾ ਹੈ ਦੀ ਸਾਜਨਾਂ ਕੀਤੀ, ਤੇ ਹਿੰਦਸਤਾਨ ਨੂੰ ਉਤਰੀ ਹਮਲਾ-ਆਵਰਾਂ ਤੋਂ ਤੋਂ ਬਚਾਉਣ ਲਈ ਪੰਜਾਬ ਦੀ ਧਰਤੀ ਦੇ ਵਸਨੀਕਾਂ ਵਿਚ ਹੀ ਨਵ-ਜੀਵਨ ਸਿੰਚਾਰ ਕੀਤਾ।

ਬਸ ਫੇਰ ਕੀ ਸੀ ਭੈ-ਭੀਤ ਤੇ ਮੁਰਦਾ ਰੂਹਾਂ ਵਿਚ ਅਣਖੀ ਖੂਨ ਗੇੜੇ ਖਾਣ ਲਗਾ, ਜੀਵਨ ਉਤਸ਼ਾਹ ਵਧਿਆ, ਡੌਲੇ ਫਰਕਣ ਲਗੇ ਤੇ ਭਾਰਤ ਭੂਮੀ ਦੀ ਦੁਰਦਿਸ਼ਾ ਨੂੰ ਤਕ ਹੱਥ ਬੇ-ਵਸੇ ਤਲਵਾਰ ਵਲ ਵਧੇ, ਉਹ ਖਾਲਸਾ ਦੇਸ਼ ਦੀ ਆਣ, ਸ਼ਾਨ, ਅਣਖ ਤੇ ਗੌਰਵਤਾ

ਲਈ ਬਦੇਸ਼ੀ ਹਮਲਾ ਆਵਰਾਂ ਨਾਲ ਡਟ ਕੇ ਲੜਿਆ ਤੇ ਅਜਿਹਾ ਮੂੰਹ ਭੰਨਿਆ ਕਿ ਮੁੜ ਉਹਨਾਂ ਨੇ ਏਧਰ ਤੱਕਣ ਦਾ ਵੀ ਹੌਸਲਾ ਨ ਕੀਤਾ, ਆਮ ਕਰਕੇ ਹਿੰਦੁਸਤਾਨ ਤੇ ਖਾਸ ਕਰਕੇ ਪੰਜਾਬ ਨੂੰ ਬਦੇਸ਼ੀ ਲੁਟੇਰਿਆਂ ਤੇ ਜ਼ਾਲਮਾਂ ਤੋਂ ਸੁਰਖਿਅਤ ਕੀਤਾ।

ਔਰੰਗਜ਼ੇਬ ਦੇ ਪੁਤਰ ਬਹਾਦਰ ਸ਼ਾਹ ਤੋਂ ਬਾਅਦ ਭਾਵੇਂ ਅੰਗਰੇਜ਼ ਸਾਰੇ ਹਿੰਦੁਸਤਾਨ ਤੇ ਆ ਕਾਬਜ਼ ਹੋਇਆ, ਹਰ ਜਗ੍ਹਾ ਅੰਗਰੇਜ਼ੀ ਪਰਚਮ (ਯੂਨੀਅਨ ਜੈਕ) ਲਹਿਰ ਰਿਹਾ ਸੀ, ਪ੍ਰੰਤੂ ਸੂਬਾ ਪੰਜਾਬ ਦੀ ਭਾਗ ਸ਼ਾਲੀ ਧਰਤੀ ਉਤੇ ਉਸ ਵੇਲੇ ਖਾਲਸਈ ਨਿਸ਼ਾਨ ਝੂਲ ਰਹੇ ਸਨ, ਇਸ ਸੂਬੇ ਦੀ ਵਾਗ ਡੋਰ ਇਕ ਅਦੁਤੀਜ-ਸ਼ਕਤੀ ਵਾਨ ਸਰਦਾਰ ਮਹਾਰਾਜਾ ਰਣਜੀਤ ਸਿੰਘ ਦੇ ਹਥ ਵਿਚ ਸੀ, ਜਿਸ ਨੇ ਬੜੀ ਖੂਬ ਅਸਲੂਬੀ ਨਾਲ ਹਿੰਦੂ, ਸਿਖ ਤੇ ਮੁਸਲਮਾਨਾਂ ਦੀ ਕੁਲੀਸ਼ਨ (ਸਾਂਝੀ) ਵਜ਼ਾਰਤ ਬਣਾਕੇ ਇਥੋਂ ਦੇ ਰਾਜ ਪ੍ਰਬੰਧ ਨੂੰ ਟੋਰਿਆ।

ਪਰ 'ਹਰ ਕਮਾਲਿ ਰਾ ਜ਼ਵਾਲੇ' ਦੀ ਅਖੌਤ ਅਨੁਸਾਰ ਇਕ ਲਖ ਪੈਂਤੀ ਹਜ਼ਾਰ ਮੁਰੱਬਾ ਮੀਲ ਅੰਦਰ ਵਿਸ਼ਾਲ ਖਾਲਸਾ ਸਲਤਨਤ ਕਾਇਮ ਕਰਨ ਤੋਂ ਥੋੜਾ ਚਿਰ ਹੀ ੨੭ ਜੂਨ ੧੮੩੯ ਨੂੰ ਮਹਾਰਾਜ ਰਣਜੀਤ ਸਿੰਘ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ।

ਕਾਸ਼ ਕਿ ! ਆਪ ਜੀ ਦੇ ਪ੍ਰਲੋਕ ਸੁਧਾਰ ਜਾਣ ਤੋਂ ਠੀਕ ੧੦ ਸਾਲ ਬਾਅਦ ਡੋਗਰਾ ਸ਼ਾਹੀ ਦੀਆਂ ਘਾਤਕ ਰਾਜਨੀਤਕ ਚਾਲਾਂ ਸਦਕਾ ਸਿਖ ਰਾਜ ਯਾ ਇਸ ਤਰਾਂ ਕਹਿ ਲਵੋ ਕਿ ਪੰਜਾਬ ਵਿਚੋਂ ਪੰਜਾਬੀਆਂ ਦਾ ਆਪਣਾ ਰਾਜ ਭਾਗ ਨਸ਼ਟ ਹੋ ਗਿਆ ਤੇ ੨੯ ਮਾਰਚ ੧੮੪੯ ਨੂੰ ਪੰਜਾਬ ਦੀ ਧਰਤੀ ਉਤੇ ਅੰਗ੍ਰੇਜ਼ ਆ ਕਾਬਜ਼ ਹੋਇਆ। ਕਰੀਬ ਬਾਰਾਂ ਸੌ ਸਾਲ ਦੀ ਗੁਲਾਮੀ ਹਾਂ ਜੀ ! ਪਰ-ਅਧੀਨਤਾ ਦੇ ਅੰਧੇਰੇ ਵਿਚ ਰਾਤ੍ਰੀ ਦੇ ਸੁਪਨੇ ਵਾਂਗ ਹੀ ਸਿਖ ਰਾਜ ਦੀ ਨੂਰਾਨੀ ਝਲਕ ਨਜ਼ਰ ਪਈ, ਜੋ ਬਿਜਲੀ ਦੀ ਚਮਕ ਵਾਂਗ ਹੀ ਨੇਸਤੋ ਨਾ-ਬੂਦ ਹੋ ਗਈ।

ਹਾਂ ਜੀ ! ਉਹ ਖਾਲਸਾ ਜੋ ਆਪਣਾ ਰਾਜ ਭਾਗ ਅੰਗ੍ਰੇਜ਼ ਦੇ ਹਵਾਲੇ ਕਰ ਚੁਕਾ ਸੀ, ਓਥੇ ਨਾਲ ਹੀ ਦਸਮੇਸ਼ ਜੀ ਦੀ ਬਖਸ਼ੀ ਹੋਈ ਮਰਯਾਦਾ ਤੇ ਸਿਖੀ ਰਹੁ-ਰੀਤ ਨੂੰ ਵੀ ਤਲਾਂਜਲੀ ਦੇ ਬੈਠਾ ਸੀ। ਅੰਗ੍ਰੇਜ਼ ਨੇ ਵਡੇ ਵਡੇ ਸਰਦਾਰਾਂ ਨੂੰ ਨਵਾਬੀਆਂ ਤੇ ਜਾਗੀਰਾਂ ਦੇ ਦੇਕੇ ਉਹਨਾਂ ਦੀ ਬੁਧੀ ਨੂੰ ਆਪਣੇ ਵਲ ਪਰੇਰਤ ਕੀਤਾ, ਉਹਨਾਂ ਸਰਦਾਰਾਂ ਨੇ ਬਖੁਸ਼ੀ ਵਫ਼ਾਦਾਰੀ ਦੇ ਹਲਫ਼ ਉਠਾ ਅੰਗਰੇਜ਼ੀ ਖਾਨ, ਪਾਨ ਤੇ ਪਹਿਰਾਨ ਨੂੰ ਆਪਣੇ ਜੀਵਨ ਦਾ ਮੁਖ ਅੰਗ ਬਣਾ ਲਿਆ। ਉਹ ਪਰਾਕਰਮੀ ਤੇ ਪਰਤਾਪੀ ਸਰਦਾਰ ਜਿਨਾਂ ਦੀ ਬਹਾਦਰੀ, ਬਾਹੂ ਬਲ ਤੇ ਏਕੇ ਦੀ ਧਾਕ ਦੂਜਿਆਂ ਮੁਲਕਾਂ ਵਿਚ ਪੈ ਚੁਕੀ ਸੀ, ਉਹ ਆਪਣ ਜੀਵਨ ਆਦਰਸ਼ ਤੋਂ ਭੁਲ ਐਸ਼ੋ ਇਸ਼ਰਤ ਵਿਚ ਕੁਝ ਕੁਕਰਮੀ ਬਣ ਗਏ। ਏਕੇ ਵਰਗੀ ਲਾ-ਮਿਸਾਲ ਸ਼ਕਤੀ ਤੇ ਬਰਕਤ ਨੂੰ ਹਥੋਂ ਗਵਾਕੇ ਖਾਲਸਾ ਫੁਟ ਵਾਂਗ ਫੁਟਕੇ ਫਾੜੀ ਫਾੜੀ ਹੋ ਗਿਆ ਤੇ ਸੁਆਰਥ ਦਾ ਭੂਤ ਉਹਨਾਂ ਦੇ ਸਿਰ ਤੇ ਸਵਾਰ ਰਿਹਾ। ਉਹ ਖਾਲਸਾ ਨਾ-ਨਾ ਜੀ ਉਹ ਅਖਾਲਸਾ ਮੁੜ ਜਿਨਾਂ ਚਿਰ ਜੀਵਿਆ ਬਦੇਸ਼ੀ ਹਕੂਮਤ ਦੇ ਪੈਰ ਪਕੇ ਕਰਨ ਵਾਸਤੇ ਸ੍ਵੈ-ਦੇਸ਼ ਦੀ ਬਰਬਾਦੀ ਲਈ ਅਣਖ, ਆਨ ਗੌਰਵ ਤੇ ਸਿਖੀ ਆਚਰਨ ਨੂੰ ਮਲੀਆ ਮੇਟ ਕਰਨ ਵਾਸਤੇ ਯਾ ਇੰਞ ਕਹਿ ਲਵੋ ਕਿ ਸਹੀ ਅਰਥਾਂ ਵਿਚ ਮਨੁਖਤਾ ਹੀ ਖਤਮ ਕਰਨ ਵਾਸਤੇ ਜੀਵਿਆ।

ਧਰਮ-ਕਰਮ ਤੇ ਸ਼ਰਮ ਹਯਾਊ ਕਿਤੇ ਖੰਭ ਲਾਕੇ ਉਡ ਚੁਕਾ ਸੀ, ਗਊ-ਘਾਤ ਕਰਨ ਲਈ ਥਾਂ ਥਾਂ ਬੁਚੜ-ਖਾਨੇ ਖੋਲੇ ਗਏ ਤੇ ਉਹ ਵੀ ਹਿੰਦੂ ਸਿਖਾਂ ਦੀ ਅਣਖ ਨੂੰ ਪਦ-ਦਲਤ ਕਰਨ ਲਈ ਉਹਨਾਂ ਦੇ ਪਵਿਤਰ ਧਾਰਮਕ ਅਸਥਾਨਾਂ ਦੇ ਕੋਲ।

ਇਹ ਸਭ ਕੁਝ ਹੋ ਰਿਹਾ ਸੀ ਭਾਰਤੀਜ-ਮਨੁਖ ਦੀਆਂ ਅਖਾਂ ਦੇ ਸਾਹਮਣੇ ਪਰ ਇਹ ਤੱਕ ਕੇ ਵੀ ਓਭਾਸਰਦਾ ਨਹੀਂ ਸੀ, ਉਚੀ ਸਾਹ ਤਕ ਨਹੀਂ ਸੀ ਲੈਂਦਾ ਕਿਸੇ ਦੀਆਂ ਰਗਾਂ ਵਿਚ

Sri Satguru Jagjit Singh Ji Elibrary NamdhariElibrary@gmail.com

ਅਣਖੀ ਖੂਨ ਹਰਕਤ ਵਿਚ ਨ ਆਯਾ, ਕਿ ਹੈ ! ਗੁਰੂ, ਪੀਰਾਂ ਅਵਤਾਰਾਂ, ਰਿਖੀਆਂ, ਮੁਨੀਆਂ, ਦਾਨੀਆਂ ਤੇ ਬੜੇ ਬੜੇ ਮਹਾਂ ਰਥੀਆਂ ਯੋਧਿਆਂ ਦੀ ਧਰਤੀ ਉਤੇ ਇਹ ਕੀ ਉਪਦ੍ਰਵ ਹੋ ਰਹੇ ਹਨ ।

ਬਦੇਸ਼ੀਆਂ ਦੀਆਂ ਠੋਕਰਾਂ ਤੇ ਠੁਡੇ ਖਾਂਦੇ ਹੋਏ ਭਾਰਤੀਯ—ਮਨਖ ਵਿਚੋਂ ਜੀਵਨ ਤੀਬ ਹੀ ਮੁਕ ਚੁਕੀ ਸੀ, ਮਨੁਖਾਂ ਜੀਵਨ ਦਾ ਅਸਿ ਸਾਸ ਹੀ ਖਤਮ ਹੋ ਚੁਕਾ ਸੀ, ਚਿਹਰਿਆਂ ਦੀ ਲਾਲੀ ਪੀਲਤਣ ਵਿਚ ਬਦਲ ਚੁਕੀ ਸੀ ਤੇ ਖੁਸ਼ੀਆਂ ਦੀ ਥਾਂ ਗਮੋਂ-ਰੰਜ ਦੇ ਪਹਾੜ ਸਾਹਮਣੇ ਆ ਖੜੇ ਹੋਏ, ਮੁਰਦਾ ਦਿਲੀ, ਡਰ ਭਰਮ ਵਹਿਮ ਤੇ ਸ਼ਹਿਮ ਨੇ ਅਵਾਮ ਦੇ ਦਿਲਾਂ ਵਿਚ ਆ ਡੇਰੇ ਲਾਏ । ਸਮਾਜਕ, ਭਾਈਚਾਰਕ ਤੇ ਹਕੂਮਤ ਦੀਆਂ ਅਨੀਤੀਆਂ ਦਾ ਇਹ ਆਏ ਦਿਨ ਹੀ ਸ਼ਿਕਾਰ ਹੋਏ ਰਹਿੰਦੇ । ਜੁਲਮ ਤੇ ਜਬਰ ਥੱਲੇ ਹਿੰਦੀ ਏਨਾ ਕੁਚਲਿਆ ਗਿਆ ਕਿ ਮੁੜ ਉਠਣ ਦਾ ਸਾਹਸ ਹੀ ਇਸ ਵਿਚ ਬਾਕੀ ਨ ਰਿਹਾ। ਗ਼ੁਲਾਮੀ ਦੇ ਨਸ਼ੇ ਵਿਚ ਮਦਹੋਸ਼ ਹੋਇਆ ਇਹ ਏਨਾਂ ਸੁਤਾ ਕਿ ਇਸ ਨੂੰ ਸਵੇਰ ਹੀ ਭੁਲ ਗਈ।

ਆਖਰ ਦੁਖੀਆਂ ਗਊ-ਗਰੀਬ ਦੀ ਤਰਸ ਯੋਗ ਦਿਸ਼ਾ, ਆਹੋ-ਜ਼ਾਰੀ, ਤੜਪਣੀ ਤੇ ਵਿਲਕਣੀ ਨੇ:—

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ।

ਆਦਿ ਵਸ਼ੇਸ਼ਨਾਂ ਵਾਲੀ ਮਹਾਂ ਤੇਜਮਈ ਸ਼ਕਤੀ ਨੂੰ ਆਪਣੀ ਸਹਾਇਤਾ ਲਈ ਸੰਸਾਰ ਉਤੇ ਆਉਣ ਲਈ ਮਜਬੂਰ ਕਰ ਦਿਤਾ।

ਬਸ ਫੇਰ ਕੀ ਸੀ !

ਹਰ ਬਰਗਿ ਗੁਲ ਪੈ ਹੈ,
ਲਿਖਾ ਮਜਮੂਨਿ ਤਬਦੀਲੀ ॥
ਹਰ ਰਮ ਹੈ ਤਾਬਿਆ, ਕਾਨੂੰਨਿ ਤਬਦੀਲੀ।
ਜ਼ਮਾਨੇ के ਅੰਦਾਜ਼ ਬਦਲ ਗਏ ।
ਨੱਯਾ ਗੀਤ ਹੈ ਸਜ਼ ਬਦਲ ਗਏ ।

ਬਹਾਰ ਆਈ, ਬਸੰਤ ਰੀਝਾਂ ਨਾਲ ਰੰਜੀ ਪੂਜੀ ਸਾਰਾ ਬ੍ਰਹਮੰਡ ਹੀ ਖੁਸ਼ੀਆਂ ਤੇ ਚਾਵਾਂ ਚ ਵਿਗਾਸ ਰਿਹਾ ਏ, ਐਉਂ ਜਾਪਦਾ ਏ ਕਿ ਬਨਸਪਤੀ ਨੇ ਵੀ ਕਿਸੇ ਆਪਣੇ ਪਿਆਰੇ ਦੀ ਆਮਦ ਸਦਕਾ ਧਰਤੀ ਤੇ ਮਖ਼ਮਲੀ ਫਰਸ਼ ਵਿਛਾ ਦਿਤਾ ਏ। ਜਿਨ੍ਹਾਂ ਰੁਖਾਂ ਨੂੰ ਪਤ-ਝੜ ਦੀ ਕਕਰੇਲੀ ਮਾਰ ਨੇ ਹੁੰਡ ਮੁੰਡ ਕਰ ਛਡਿਆ ਸੀ ਅਜ ਉਹਨਾਂ ਉਤੇ ਕੋਈ ਨਵਾਂ ਜੋਸ਼ ਆ ਗਿਆ ਆਪਣ ਉਤੇ ਆਏ ਸੁੰਦਰਤਾ ਦੇ ਨਿਖ਼ਾਰ ਕਰਦੇ ਇਕ ਦੂਜੇ ਨਾਲ ਗਲਵਕੜੀ ਹੋਣ ਲਈ ਵਧ ਵਧ ਕੇ ਲਰਰਾਂ ਛਡ ਰਹੇ ਹਨ । ਹਰਿਆਵਲੀ ਵਿਚ ਰੰਗ ਬਰੰਗੇ ਫੁਲਾਂ ਉਤੇ ਪਤਾ ਨਹੀਂ ਕਿਥੋਂ ਗ਼ਜ਼ਬ ਦਾ ਹੁਸਨ ਵਹਿ ਪਿਆ ਏ, ਖੇੜੇ ਵਿਚ ਫੁਲ ਫੁਲਕੇ ਆਪ ਤੋਂ ਬਾਹਰ ਹੋ ਰਹੇ ਹਨ, ਸਸਾਰ ਦੇ ਵਾਯੂ ਮੰਡਲ ਨੂੰ ਮੁਅੱਤਰ ਕਰਦੇ ਹੋਏ ਕੋਈ ਗੈਬੀ ਪੈਗਾਮ ਦੇ ਰਹ ਹਨ । ਦਰਖਤਾਂ ਦੀਆਂ ਨਵ ਪੁੰਗਰੀਆਂ ਟਾਹਣੀਆਂ ਉਤੇ ਬੈਠੇ ਪੰਛੀਆਂ ਨੇ ਸੰਸਾਰ ਦੇ ਨਿਬੁਝਣ ਮੁਰਝਾਏ ਦਿਲਾਂ ਨੂੰ ਆਪਣੀ ਰ ਬੋਲੀ ਵਿਚ ਇਹ ਇਲਾਹੀ ਗੀਤ ਆ ਸੁਨਾਇਆ।

ਬਹੋਸ਼ ਬਬ ਕਿ ਹੰਗਾਮਾ ਏ ਨੌ ਬਾਹਰ ਆਮਦ ।
ਬਹਾਰ ਆਮਦੋ, ਯਾਰ ਆਮਦੋ ਕਰਾਰ ਆਮਦ ।

ਭਾਵ !—

ਜਾਗੋ ਦੁਖੀਓ ਹੋਸ਼ ਸੰਭਲੋ,
ਰੁਤ ਬਹਾਰ ਦੀ ਆਈਏ ।
ਬਹਾਰ ਲਿਆਈ, ਯਾਰ ਲਿਆਈ,
ਨਾਲੇ ਕਰਾਰ ਲਿਆਈਏ ।

ਹਾਂ ਜੀ! ਰਤ ਆਈ ਤੇ ਯਾਰ ਲਿਆਈ ਪਰ ਵਾਹ—ਵਾਹ ਯਾਰ ਵੀ ਰਜ਼ਬ ਦੀਆਂ ਬਰਕਤਾਂ ਨਾਲ ਲੈ ਕੇ ਸੰਸਾਰ ਦੇ ਦੁਨੀਆਂ ਤੇ ਬੇ-ਕਸਾਂ ਤੋਂ ਆਪਣਾ ਆਪ ਨਿਛਾਵਰ ਕਰਣ ਸੰਮਤ ਅਠਾਰਾਂ ਸੌ ਬਹੱਤਰ ਦੀ ਮਾਘ ਸ਼ੁਦੀ ਪੰਚਮੀ ਨੂੰ ਜ਼ਿਲੇ ਲੁਧਿਆਨੇ ਦੇ ਇਕ ਬੇ-ਮਲੂਮੇ ਜਹੇ ਪਿੰਡ ਭੈਣੀ (ਸਾਹਿਬ) ਵਿਚ ਇਕ ਗਰੀਬ ਕਿਰਤੀ ਘਰਾਣੇ ਵਿਚ [ਸ੍ਰੀ ਸਤਿਗੁਰੂ ਰਾਮ ਸਿੰਘ ਜੀ] ਨਾਮ ਨਾਲ ਆ ਪ੍ਰਗਟ ਹੋਇਆ ।

Sri Satguru Jagjit Singh Ji Elibrary NamdhariElibrary@gmail.com

ਪੰਜਾਬ ਦੀ ਧਰਤੀ ਉਤੇ ਬਸੰਤ ਰੁਤ ਵਿਚ ਅਦਭੁਤ ਸ਼ਕਤੀ ਵਾਲੇ ਉਸ ਪਰਮ ਮਨੁਖ ਦੇ ਪ੍ਰਗਟ ਹੋਣ ਦੀ ਖ਼ਬਰ ਬਿਜਲੀ ਦੇ ਕਰੰਟ ਵਾਂਗ ਸਾਰੇ ਸੰਸਾਰ ਵਿਚ ਫੈਲ ਗਈ। ਚੜ੍ਹਦੇ ਵਲੋਂ ਸੂਰਜ ਨੇ ਤੇਜ਼ੀ ਨਾਲ ਪੰਜਾਬ ਦੀ ਧਰਤੀ ਵਲ ਆਪਣੀਆਂ ਕਿਰਣਾਂ ਛਡੀਆਂ ਤੇ ਉਸ ਮਹਾਂ ਸ਼ਕਤੀ ਵਾਲੇ ਤੇਜਸ੍ਵੀ ਪਰਮ ਮਨੁਖ ਦੀ ਛੋਹ ਪ੍ਰਾਪਤ ਕਰਕੇ ਆਪਣੇ ਵਿਚ ਰੱਬੀ ਜਲਾਲ ਪੈਦਾ ਕੀਤਾ, ਫਿਰ ਉਹ ਤੇਜ਼ ਤੇ ਨੂਰੀ ਦਿਲ ਖੋਲ ਕੇ ਸਾਰੇ ਸੰਸਾਰ ਨੂੰ ਵੰਡਿਆ। ਗੁਲਾਮੀ ਦੇ ਨਸ਼ੇ ਵਿਚ ਘੂਕ ਸੁਤੇ ਭਾਰਤੀ ਨੂੰ ਸੂਰਜ ਦਾ ਨਿਰਾਲਾ ਤੇਜ਼ ਤਕ ਕੇ ਸਵੇਰ ਦਾ ਪਤਾ ਲਗਾ। ਉਹ ਜਾਗਿਆ ਤੇ ਬਸੰਤ ਰੁਤ ਦੇ ਚੜ੍ਹਦੇ ਸੂਰਜ ਦੀ ਲਾਲੀ, ਮਿਠੀ ਲੋ ਤੇ ਨਿੱਘ ਵਿਚੋਂ ਭਾਰਤੀ ਮਨੁਖ ਨੂੰ ਜੀਵਨ ਕੰਬਣੀ ਪ੍ਰਾਪਤ ਹਈ। ਆਪਣੇ ਸੁਚੱਜੇ, ਆਦ੍ਰਸ਼ਕ ਤੇ ਸੁਤੰਤਰ ਜੀਵਨ ਲਈ ਉਸਦੇ ਸਰੀਰ ਵਿਚ ਇਕ ਜਵਾਰ ਭਾਟਾ ਆ ਗਿਆ। ਇਸ ਜੀਵਨ ਲਈ ਫਿਰ ਉਹ ਏਨ੍ਹਾਂ ਅਗ੍ਹਾਂ ਵਧਿਆ, ਕਿ ਮੌਤ ਵਿਚੋਂ ਉਸ ਨੂੰ ਅਮਲ ਜੀਵਨ ਦੀ ਪ੍ਰਾਪਤੀ ਹੋਈ। ਤੋਪਾਂ ਅਗੇ ਉਡਦਿਆਂ ਤੇ ਫ਼ਾਂਸੀ ਦੇ ਰਸੇ ਨਾਲ ਝੂਟੇ ਲੈਂਦਿਆਂ ਉਸ ਨੇ ਵੰਗਾਰ ਵੰਗਾਰ ਕੇ ਇਹ ਕਿਹਾ!

ਜ ਦਖੀ ਤਾਰੀਖ ਦੁਨੀਆਂ ਕੀ,
ਯਕੀਂ ਕਾਮਲ ਮੁਝੇ ਆਯਾ।
ਜਿਸੇ ਮਰਣਾ ਨਹੀਂ ਆਇਆ,
ਉਸੇ ਜੀਓਣਾ ਨਹੀਂ ਆਯਾ।

ਅਰ ਉਧਰ ਭਾਰਤ ਵਾਸੀ ਦੀਆਂ ਜੀਵਨ ਰੀਝਾਂ ਨੂੰ ਪਦ ਦਲਤ ਕਰਨ ਵਾਲੇ ਅੰਗਰੇਜ਼ ਸ਼ਾਸਕ ਦੀਆਂ ਬਿਲੀਆਂ ਅਖਾਂ ਇਸ ਜੀਵਨ ਜੋਤ ਦਾ ਅਦਭੁਤ ਤੇਜ ਪੈਂਦਿਆਂ ਹੀ ਚੁੰਧਿਆ ਗਈਆਂ, ਅਖਾਂ ਵਿਚ ਸਰੋਂ ਫੁਲ ਆਈ, ਅੰਤਰ ਘਬਰਾਹਟ ਪੈਦਾ ਹੋ ਗਈ, ਪੈਰਾਂ ਵਿਚ ਥਿੜਕਣ ਤੇ ਸਰੀਰ ਵਿਚ ਕੰਬਣੀ ਸ਼ੁਰੂ ਹੋ ਗਈ। ਘਾਬਰੇ ਹੋਏ ਨੇ ਇਸ ਤੇਜ਼ ਉਤੇ ਕਾਬੂ ਪਾਣ ਲਈ ਮਲੇਰ ਕੋਟਲੇ ਦੇ ਖੁਲੇ ਮੈਦਾਨਾਂ ਵਿਚ ਤੋਪਾਂ ਆ ਗਡੀਆਂ, ਫਾਂਸੀਆਂ ਦੇ ਤਖਤੇ ਨੂੰ ਹਰਕਤ ਵਿਚ ਲਿਆਂਦਾ, ਜੇਲਾਂ ਦੀਆਂ ਕਾਲ ਕੋਠੜੀਆਂ ਵਿਚ ਇਸ ਧਰਤੀ ਦੇ ਰਿਸ਼ੀਆਂ ਨੂੰ ਨ ਜਰ ਸਕਣ ਵਾਲੇ ਅਕਹਿ ਅਸਹਿ ਕਸ਼ਟ ਦਿਤੇ, ਉਸ ਪਾਵਰ ਹਾਊਸ (ਬਿਜਲੀ ਘਰ, ਨੂੰ ਜਿਥੋਂ ਇਹ ਜੀਵਨ-ਚਾਨਣ ਪ੍ਰਾਪਤ ਹੋਇਆ, ਖਤਮ ਕਰਣ ਦਾ ਯਤਨ ਕੀਤਾ।

ਪਰ ਕਰ ਨ ਸਕਿਆ, ਇਸ ਤੇਜ ਉਤੇ ਉਹ ਹਾਵੀ ਨਾ ਹੋ ਸਕਿਆ, ਤੇ ਇਸ ਜੀਵਨ-ਰੌ ਅਗੇ ਉਹ ਨ ਟਿਕ ਸਕਿਆ, ਉਸ ਦੀਆਂ ਜੜ੍ਹਾਂ ਨੂੰ ਸੋਕਾ ਪੈ ਗਿਆ ਤੇ ਸੜ ਗਲ ਗਈਆਂ, ਭਾਰਤ ਵਿਚੋਂ ਅੰਧੇਰਾ ਪੱਖ ਦੂਰ ਹੋ ਗਿਆ ਤੇ ਉਸ ਅਦਭੁਤ ਤੇਜ ਸਦਕਾ ਸਭ ਸੰਸਾਰ ਵਿਚ ਚਾਨਣਾ ਹੀ ਚਾਨਣਾ ਹੋ ਗਿਆ।

ਇਹ ਸਭ ਬਰਕਤਾਂ ਹਨ, ਪੰਜਾਬ ਦੀ ਧਰਤੀ ਉਤੇ ਬਸੰਤ ਰੁਤ ਵਾਲੇ ਦਿਨ ਪ੍ਰਗਟ ਹੋਣ ਵਾਲੀ ਨਿਰੰਕਾਰੀ ਜੋਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀਆਂ ਜਿਸ ਨੇ ਆਪਣੀ ਜੀਵਨ-ਜੋਤ ਵਿਚੋਂ ਸਭ ਸੰਸਾਰ ਨੂੰ ਜੀਵਨ-ਨੂਰ ਪਰਦਾਨ ਕੀਤਾ।–ਇਸ ਲਈ ਆਖੋ!
ਧੰਨ !! ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ !!!

ਖਿਮਾਂ !

ਜਿਨ੍ਹਾਂ ਵਿਦਵਾਨ ਸਜਣਾਂ ਨੇ ਸਾਡੀ ਬੇਨਤੀ ਪ੍ਰਵਾਨ ਕਰਦਿਆਂ, ਗੁਰੂ ਜਸ ਨੂੰ ਕਲਮ ਦਾ ਜ਼ੀਨਤ ਨਰੂਪਣ ਕਰਕੇ ਭੇਜਣ ਦੀ ਕਿਰਪਾਲਤਾ ਕੀਤੀ ਹੈ, ਉਨ੍ਹਾਂ ਦੇ ਧਨਜ਼ਵਾਦੀ ਹਾਂ, ਮਗਰ ਜਿਨ੍ਹਾਂ ਸਜਣਾਂ ਦੇ ਲੇਖ, ਡਾਕ ਦੀ ਅਨਗਹਿਲੀ ਕਰਕ ਸਮੇਂ ਸਿਰ ਨਾ ਮਿਲਣ ਕਾਰਨ ਰਹਿ ਗਏ ਹਨ, ਉਨ੍ਹਾਂ ਦਾ ਸਾਨੂੰ ਅਫ਼ਸੋਸ ਹੈ, ਤੇ ਉਨ੍ਹਾਂ ਸਜਣਾਂ ਪਾਸੋਂ ਖਿਮਾਂ ਮੰਗਦੇ ਹੋਏ, ਉਨ੍ਹਾਂ ਨੂੰ ਭਰੋਸਾ ਦਵਾਉਂਦੇ ਹਾਂ ਕਿ ਉਹ ਲੇਖ "ਸਤਿਜੁਗ" ਦੇ ਕਾਲਮਾਂ ਨੂੰ ਸ਼ੋਭਾ ਦੇਂਦੇ ਪਾਠਕਾਂ ਨੂੰ ਲਾਭ ਪਹੁੰਚਾਉਣਗੇ। (ਐਡੀਟਰ

Sri Satguru Jagjit Singh Ji Elibrary NamdhariElibrary@gmail.com

ਸ੍ਰੀ ਗੁਰੂ ਨਾਨਕ ਦੇਵ ਜੀ ਦੇ ੧੨ਵੇਂ ਰੂਪ

(ਵਲੋਂ–ਸੰਤ ਖੜਕ ਸਿੰਘ ਜੀ ਅੰਮ੍ਰਿਤਸਰੀ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਪਹਿਲੇ ਕਾਜ਼ੀ ਰੁਕਨ ਦੀਨ ਨਾਲ ਗੋਸਟ ਕਰਦੇ ਹੋਏ ਫੁਰਮਾਇਆ ਸੀ ਕਿ ਹੇ ਕਾਜ਼ੀ ਰੁਕਨਦੀਨ। ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ।

ਦੂਸਰੇ ਦਫਾ ਭਾਈ ਡੱਲੇ ਨੂੰ ਕੀ ਦਸਿਆ ਬੜਾ ਅਜਿਤਆਂ ਜਦੋਂ ਗੁਰੂ ਬਾਰਵਾਂ ਜਾਮਾ ਧਾਰੇਗਾ ਨਿਰਲੰਭ ਸਭ ਦੁਨੀਆਂ ਤੋਂ ਨਿਰਲੇਪ ਅਤੇ ਨਿਆਰਾ ਰਹੇਗਾ ਇਕ ਅਕਾਲ ਪਲਖ ਦਾ ਆਸਰਾ ਲਏਗਾ ਸੁਲੀ ਸਬਦ ਉਚਰਗਾ ਔਰ ਸਬਦ ਹੀ ਕਮਾਏਗਾ ਜੋ ਸਿਖ ਹੋਣਗੇ ਤਿਨ ਕੋ ਭੀ ਸਬਦ ਹੀ ਦਸੇਗਾ ਜਗਤ ਵਿਚ ਉਸਤਤੀ ਅਤੇ ਜੈਕਾਰ ਹੋਵੇਗਾ।

ਯਥਾ:–

ਜਗਾ ਜੁਗੰਤਰ ਸਤਿਗੁਰੂ ਦੂਸਰ ਹੋਆ ਨ ਹੋਗ।
ਚੌਰਾਸੀ ਜਾਮੇ ਪੰਹਰਕੇ ਪਛੇ ਭਾਜਾ ਅਲੇਪ।
ਸਤਰ ਜਾਮੇ ਭਗਤ ਨ ਚੌਦ੍ਹਾ ਸਤਿਗਰ ਨਾਏ।
ਗੁਰਮੁਖ ਹੋਏ ਸੋ ਮਿਲੈ ਰਹੇ ਮਨਮੁਖ ਮਿਲੈ ਸਜਾਏ।

ਹੁਨ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਫੁਰਮਾਦੇ ਹਨ, ਅਤੇ ਆਪਣ ਹਸਤ ਕਵਲਾਂ ਨਾਲ ਭਵਿਖਤ ਵਾਕ ਉਚਾਰ ਕੇ ਲਿਖਦੇ ਹਨ।

(ਗੁਰਿੰਗਨਾਮਾ ਸ੍ਰੀ ਮੁਖ ਵਾਕ ਪਾਤਸਾਹੀ ੧੦)

ਦੁਆਦਸ ਪੁਰਖ ਦੁਆਦਸੇ ਸਭਹਨ ਕੇ ਸਿਰਮੌਰ।
ਸਕਤ ਅਨੰਤੀ ਅ ਹਿੰਗ ਆਦ ਏਹ ਨਹੀ ਔਰ।
ਯਾਹੀ ਕੁਲ ਤੇ ਪ੍ਰਗਟਿਓ ਤਾਹੀ ਕੁਲ ਕੋ ਨਾਮ।
ਪਦ ਦੁਆਦਸ ਗੁਰਿੰਡ ਕੋ ਮੇਰੀ ਹੈ ਪਰਨਾਮ।

ਯਥਾ:–

ਤਿਥ ਖਸਟਮੀ ਸਰ ਗੁਰ ਵਾਰਾ।
ਭਸਮੰਤ ਨਗਰ ਸਤਲੁਦਰ ਕਿਨਾਰਾ।
ਕਲਜੁਗ ਮੇਂ ਸਤਜੁਗ ਕਰ ਠਾਨੋ।
ਤਬ ਹੀਂ ਬਾਹਿਰਵਾਂ ਬਪ ਪਹਿਚਾਨੋ।
ਸਿਰ ਧਰ ਕੇਸਨ ਕੰਠੇ ਮਾਲਾ।
ਦੀਨ ਦਿਜਨ ਕਾ ਹੋਏ ਰਖਵਾਲਾ।

(ਸੌ ਸਾਖੀ) ਸ੍ਰੀ ਮੁਖਵਾਕ ਪਾਤਸ਼ਾਹੀ ੧੦।

ਰਿਲ ਪੁਰ ਬੀਚ ਬਾਢੀ ਸੁਤ ਹੋਈ।
ਬਲੁਆ ਰਾਜ ਕਰੇਗਾ ਸੋਈ।
ਦੇਸ ਪੰਜਾਬ ਸੂਦ ਜੋ ਹੋਯਾ।
ਤਿਨ ਏਹ ਪੰਥ ਮਨਕਾ ਕੀਯਾ।
ਰਾਮ ਸਿੰਘ ਉਹ ਨੀਚਨ ਡਰੇ।
ਅਵਨੀ ਏਕ ਰਸੋਈ ਕਰੇ।

ਫੇਰ ਦੋਬਾਰਾ ਆਪ ਜੀ ਦੇ ਨਾਲ ਭਾਈ ਨੰਦ ਸਿੰਘ ਜੀ ਨੇ ਉਤਰ ਪਰਸੰਨ ਕਰਦਿਆ ਅਰਜ਼ ਕੀਤੀ, ਹੇ ਸਚੇ ਪਾਤਸ਼ਾਹ ਫੇਰ ਕਦ ਦਰਸ਼ਨ ਦੇਵੋਗੇ, ਤਾਂ ਗੁਰੂ ਜੀ ਨੇ ਉਤਰ ਵਿਚ ਇਸ ਪਰਕਾਰ ਫੁਰਮਾਇਆ। ਸ੍ਰੀ ਮੁਖਵਾਕ ਪਾਤਸ਼ਾਹੀ ਦਸਵੀਂ। ਗੁਰਬਲਾਸ ਪਾ: ੧੦)

ਨੰਦ ਸਿੰਘ ਸੁਣ ਤੋਹਿ ਸੁਨਾਊਂ।
ਤੇਰ ਮਨਕਾ ਭਰਮ ਮਿਟਾਊਂ।
ਇਕ ਦਸਮੋ ਗੁਰ ਹਏ ਅਵਤਾਰੀ
ਹੋਵੇ ਨਹ ਪਰਗਟ ਸੰਸਾਰਾ।
ਜੋਤ ਹਮਾਰੀ ਤਿਤ ਤਨ ਰਹੇ।
ਸੁਣਕੇ ਨਦ ਸਿੰਘ ਤਬ ਕਹੇ!
ਬਾਂਹਰਵੇ ਗੁਰ ਕੇ ਲਛਣ ਕਹੋ।
ਸ੍ਰੀ ਮੁਖ ਤੇ ਦਸਮੇਸ ਸਾਹੋਂ।
ਬਾਹਰਵੇਂ ਗੁਰਕੇ ਲਛਣ ਗਾਊ।
ਸਭ ਹੀ ਤੋਕੋ ਭਾਖ ਸੁਨਾਊ।
ਬਾਰਾਂ ਮੈਂ ਅਠਤਰ ਜਬ ਆਵੈ।
ਤਿਤ ਖਾਲਸਾ ਜਗ ਪਰਗਟਾਵੈ।
ਜਾਪ ਜਪ ਹਿਰਦੇ ਕੇ ਮਾਹੀ।
ਵਹ ਸਿਖ ਧਰਮ ਰੂਪ ਹੋਏ ਜਾਹੀ।

ਬਾਕੀ ਪੰਨਾਂ ੪੨

Sri Satguru Jagjit Singh Ji Elibrary NamdhariElibrary@gmail.com

ਇਤਿਹਾਸਕ ਝਾਕੀਆਂ

(ਨਿਰੰਜਨ ਸਿੰਘ ਬਰਜ ਰਾਇਕਾ ਅੰਮ੍ਰਿਤਸਰ।

ਆਈ ਦਯਾ ਮੇਮ ਕਹ ਸਾਹਿਬ, ਨਾ ਲਾਲ ਬਿਦੋਸਾਂ ਮਾਰੀਂ।
ਛੋਟੀ ਉਮਰ ਨਹੀਂ ਕੁਝ ਡਿਠਾ, ਕਰ ਤਰਸ ਨ ਕਹਿਰ ਗੁਜ਼ਾਰੀਂ।
ਟੁਟਾ ਫੁਲ ਨਹੀਂ ਫਿਰ ਲਗਦਾ, ਨਾ ਬੁਲਬੁਲ ਦਾ ਦਿਲ ਜਾਰੀਂ।
ਚਾਰ ਦਿਨਾਂ ਦੇ ਜੀਵਨ ਬਦਲ, ਅਦਲ ਨਾਂ ਦਿਲੋਂ ਵਿਸਾਰੀਂ।
ਰਾਮ ਸਿੰਘ ਦਾ ਸਿਖ ਨਹੀਂ, ਕਾਵਨ, ਕਹਿਦੇ ਕਰ ਇਨਕਾਰੀ।
ਕਰਾਂ ਗੁਨਾਹ ਮਾਫ ਸਭ ਇਸਦੇ, ਕਹੇ ਕੂਕਾ ਨਾਂ ਇਕ ਵਾਰੀ।
ਗੱਲ ਕੰਨ ਵਿਚ ਦਸਣ ਲਈ, ਖਿਚ ਦਾਹੜੀ ਮੁਖੋਂ ਉਚਾਰੀ।
ਛੱਡ ਮੈਦਾਨ ਅਸੀਲ ਨਾਂ ਭਜਦੇ, ਜਿੰਦੜੀ ਕਰਨ ਨਾਂ ਪਿਆਰੀ।
ਧੂਹ ਕ੍ਰਿਪਾਨ ਮਿਆਨੋ ਕਢੀ, ਜਗਦਾ ਜਿਵੇਂ ਮਤਾਬੀ।
ਬਾਹਵਾਂ ਕਟ ਛੁੜਾਦੀ ਦਾਹੜੀ, ਨੀਤ ਜਲਾਦ ਸ਼ਤਾਬੀ।
ਵੇਖੋ ਹਿੰਮਤ ਸਿਖ ਬਚੇ ਦੀ, ਖੁਸ਼ ਦਿਲ ਬੇਹਸਾਬੀ।
ਮੱਥੇ ਉਤੇ ਜੋਤ ਨਿਰਾਲੀ, ਚਮਕੇ ਰੰਗ ਗੁਲਾਬੀ।
ਪਥਰ ਦਿਲ ਨੂੰ ਤਰਸ ਨ ਆਇਆ, ਵਹ ਜਲਾਦ ਪਤਰੀਲੇ।
ਵਾਹ ਕ੍ਰਿਪਾਨੇ ਖੂਬੀ ਤੇਰੀ, ਵਾਰ ਕਰੇਂ ਫੁਰਤੀਲੇ।
ਵਾਹ ਕਾਵਨ ਤਕ ਬੇ ਇਨਸਾਫੀ, ਨੈਣ ਨ ਵਗੇ ਜ਼ੁਬੀਲੇ।
ਵਾਹ ਸ਼ਾਬਾਸ਼ ਬਾਲ ਵਰਿਆਮਾਂ, ਡਰ ਮੌਤੋਂ ਕਰੇ ਨਾ ਹੀਲੇ।
ਸ਼ਾਹ ਮਨਸੂਰ ਚੜਿਆ ਇਕ ਸੂਲੀ, ਓਹਨੂੰ ਸ਼ਾਬਾਸ਼ ਕਹਿਆ ਲੁਕਾਈ।
ਸ਼ੰਮਸ ਖਲ ਲੁਹਾਵਣ ਜਾਂਦੇ, ਕਈ ਡਿਠ ਚਾਂਈਂ ਚਾਈਂ।
ਰਾਮ ਮੁਗੇਬ ਗੁਰਾਂ ਦੇ ਸੇਵਕ, ਜਿਨਾਂ ਸਿਰ ਸਿਰ ਬਾਜ਼ੀ ਲਾਈ।
ਕਰਨ ਮਜ਼ਾਖਾਂ ਤੋਪਾਂ ਨੂੰ ਗਲ, ਹੱਸ ਹੱਸ ਫਾਂਸੀ ਪਾਈ।
ਆਇਆ ਤਰਸ ਕਹਿਆ ਤਕ ਬਾਲਕ, ਤੂੰ ਨਾਂ ਜਾ ਤੋਪ ਅਗਰੇ।
ਦਿਤੀ ਬਖਸ਼ ਤੇਰੀ ਜ਼ਿੰਦਗਾਨੀ, ਆਇਆ ਰਹਿਮ ਦਿਲੇ ਵਿਚ ਮਰੇ।
ਮੁੜਨਾ ਸਾਥ ਵਿਛੋੜ ਔਖੇਰਾ, ਨਾਂ ਰਖਾਂ ਪੈਰ ਪਿਛੇਰੇ।
ਜੋਤ ਸ਼ਮਾ ਤਕ ਪਿਛਾਂਹ ਨ ਮੁੜਦੇ, ਸੜਨ ਪਤੰਗ ਵਧੇਰੇ।
ਆਖਰ ਕਾਰ ਕਹਿਆ ਉਸ ਸਾਹਿਬ, ਤੂੰ ਛੋਟਾ ਬਿਬਤ ਉਚੇਰੀ।
ਪਥਰ ਚਕ ਖੜਾ ਤਿਸ ਉਤੇ, ਕਹੇ ਹੱਸ ਹੁਣ ਦਸ ਕੀ ਦੇਰੀ।
ਲਾੜੀ ਮੌਤ ਵਰਨ ਦੇ ਖਾਤਰ, ਅਸਾਂ ਤਨ ਮਨ ਕੀਤਾ ਢੇਰੀ ॥
ਰੋਮ ਰੋਮ ਉਡ ਗਿਆ ਅਕਾਸ਼ੀਂ, ਜਦ ਤੋਪ ਚਲੀ ਇਕ ਵੇਰੀਂ।
ਆਸ਼ਕ ਹੋਣ ਸ਼ਹੀਦ ਦੀਦ ਤੇ, ਸਿਰ ਸਿਰ ਬਾਜ਼ੀ ਲਾਕੇ। ਆਪ ਗਵਾਕੇ।
ਝਲਣ ਲਖ ਤਸੀਹੇ ਸਿਰ ਤੇ, ਰੋਮ ਰੋਮ ਫਟ ਖਾਕੇ ॥ ਖੱਲ ਲਹਾਕੇ।
ਉਡ ਗਿਆ ਮਾਸ ਬਣੇ ਹਡ ਪਿੰਜਰ; ਤਨ ਪੋਂਜੇ ਵਾਂਗ ਪਿੰਜਾਕੇ। ਖਦੀ ਵੰਡਾਕੇ।
ਕਵਿ ਮ੍ਰਿਗੇਸ਼ ਲੈ ਭੇਟ ਸੀਸ ਦੀ, ਜਾਵਣ ਗਲਾ ਕਪਾਕੇ। ਤਲੀ ਟਕਾਕੇ।

Sri Satguru Jagjit Singh Ji Elibrary NamdhariElibrary@gmail.com

ਰੋਵਣ ਨੈਣ ਜਿਨ੍ਹਾਂ ਦੇ ਕਾਰਨ; ਨਿਤ ਕਰ ਕਰ ਖਲੀਆਂ ਬਾਹੀਂ।
ਨੀਂਦਰ ਭੁਖ ਪਿਆਸ ਵਿਸਾਰੀ, ਖੁਲ੍ਹ ਕੇਸ ਫਿਰਨ ਵਿਚ ਰਾਹੀਂ।
ਤਨ ਮਨ ਦੀ ਸਭ ਬੁਧ ਸੁਧ ਵਿਸਰੀ; ਅਤੇ ਬਲ ਬਲ ਨਿਕਲਣ ਆਹੀਂ।
ਰਾਮ ਮੁਗੀਸ਼ ਬਦੇਸ਼ ਗਏ ਟੁਰ; ਮੇਰੇ ਦਿਲ ਵਿਚ ਭੜਕਣ ਭਾਹੀਂ।
ਲਗਾ ਫਟ ਨਾਂ ਦਿਲ ਤੋਂ ਵਿਸਰੇ; ਏਹ ਰਹਸੀ ਯਾਦ ਨਿਸ਼ਾਨੀ।
ਦਮ ਦਮ ਯਾਦ ਕਰਾਂ ਨਿਤ ਉਸਨੂੰ; ਅਤੇ ਵਾਰ ਦਿਆਂ ਜਿੰਦਗਾਨੀ।
ਲਾਕੇ ਫਟ ਮਸਤਾਨਾਂ ਕਰਕੇ; ਕਿਤੇ ਛਪ ਬੈਠੇ ਥੀਆ ਥਾਨੀ॥
ਜੰਗਲ ਜੂਹ ਚੁਫੇਰੇ ਢੂੰਡਾਂ; ਨਾਂ ਪ੍ਰੀਤਮ ਮਿਲੇ ਲਾਸਾਨੀ॥
ਕੌਣ ਦਿਲੇ ਦਾ ਮੈਹਰਮ ਹਵੇ; ਪਾਸ ਗੁਰਾਂ ਦੇ ਜਾਵੇ।
ਲੂੰ ਲੂੰ ਅੰਦਰ ਦਰਦ ਅਸਾਡੇ ਖੋਲ ਹਵਾਲ ਸੁਨਾਵੇ।
ਗਰਜ਼ੀ ਲੋਕ, ਨਾਂਦਰਦੀ ਕੋਈ; ਅਰਜ਼ੀ ਕੌਣ ਪੁਚਾਵੇ।
ਕਾਹਦ ਮੁਗੀਸ਼ ਬਦੇਸ਼ ਕਾਏ; ਗਲ ਪਲੂ ਪਾ ਬਖਸ਼ਾਵੇ।
ਵਿਚ ਮੁਗੋਈ ਸ਼ਮਾਂ ਜਗੀ ਜਦ; ਚਮਕ ਦਿਸੀ ਪ੍ਰਵਾਨੇ। ਹੋ ਮਸਤਾਨੇ॥
ਸੀਸ ਤਲੀ ਧਰ ਟੁਰ ਪਿਆ ਆਸ਼ਕ, ਲੰਘ ਗਿਆ ਦਸ ਬਜ਼ਾਨੇ। ਜੰਗਲ ਕਾਨੇ।
ਸਾਗਰ ਚੀਰ ਫਕੀਰ ਗਿਆ ਝਟ, ਪੌਹਚਾ ਖਾਸ ਟਿਕਾਨੇ। ਲਾ ਮਕਾਨੇ।
ਚਾਰੋਂ ਤਰਫ ਬੰਦੂਕਾਂ ਕੜਕਣ, ਚੰਦਨ ਜਿਉਂ ਲਪਟਾਨੇ। ਬਿਸੀਅਰ ਕਾਨੇ।
ਸਿਰ ਧਰ ਤਲੀ ਸਾਸ ਲੈ ਭਟਾ, ਸਿਖ ਦਰਸ ਗੁਰਾਂ ਦਾ ਕਰਦਾ। ਦੁਖ ਭੁਖ ਜਰਦਾ।
ਲਾਈ ਸੱਟ ਵੈਰਾਗ ਦਿਲੇ ਤੇ, ਸਾਗਰ ਪਲ ਵਿਚ ਤਰਦਾ। ਸੁਖ ਛਡ ਘਰਦਾ।
ਜੰਗਲ ਜੂਹ ਉਮੰਘੇ ਪਰਬਤ, ਸਿਰ ਨਾਗਾਂ ਪੈਰ ਚਾ ਧਰਦਾ। ਜਿਊਂਦਾ ਮਰਦਾ।
ਬੜਕਣ ਸ਼ੀਹ ਤੇ ਕੜਕਣ ਤੁਪਕਾਂ, ਪਰ ਮਰਨੋ ਜ਼ਰਾ ਨ ਡਰਦਾ॥ ਸੇਵਕ ਹਰਿਦਾ।
ਖੁਲੀ ਜਾਗ ਡਿਠਾ ਨਹੀ ਪੀਤਮ, ਜਿਵੇਂ ਪਾੜ ਪੁਸ਼ਾਕ ਉਤਾਰੀ, ਰੋ ਰੋ ਹਾਰੀ।
ਨੰਗੀ ਪੈਰੀਂ ਸੜ ਗਈਆਂ ਤਲੀਆਂ, ਥਲ ਤਪ ਲਾਲ ਅੰਗਾਰੀ। ਜਿੰਦੜੀ ਵਾਰੀ।
ਵਗੀ ਪੌਣ ਮਹਿਕ ਫੁਲ ਖਿੰਡਰੀ, ਕੁਦ ਚੜ੍ਹਿਆ ਉਸ ਅਟਾਰੀ। ਪਾਸ ਮੁਰਾਰੀ।
ਕਵਿ ਮੁਗੀਸ਼ ਭੇਟ ਸਿਰ ਚਰਨੀ, ਛੋਹ ਪਾਰਸ ਦੇਹ ਸਵਾਰ॥ ਜਿੰਦੜੀ ਠਾਰੀ॥

ਜੀਵਨ ਅਧਾਰ ਸਤਿਗੁਰੂ ਰਾਮ ਸਿੰਘ ਜੀ

ਨਾਮਧਾਰੀ ਪੰਥ ਦੇ ਸੰਚਾਲਕ ਅਤੇ ਭਾਰਤ ਵਰਸ਼ੀਆਂ ਨੂੰ ਅਜ਼ਾਦੀ ਦੀ ਸਿੱਖਿਆ ਦੇਣ ਲਈ, ਧਰਮ, ਸਿਖੀ ਤੇ ਆਚਰਣ ਤੋਂ ਗਿਰ ਚੁਕੇ ਸਿਖਾਂ ਨੂੰ ਸਚੇ ਮਾਰਗ ਤੇ ਲਾਉਣ ਲਈ ਭੈਣੀ ਵਾਲੇ ਸਚੇ ਪਾਤਸ਼ਾਹ ਨੇ ਉਸ ਭਾਗਾਂ ਭਰੇ ਦਿਹਾੜੇ ਅਵਤਾਰ ਧਾਰਿਆ ਜਿਸ ਨੂੰ ਕਿ ਬਸੰਤ ਪੰਚਮੀ ਦੇ ਪਿਆਰੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਬਸੰਤ ਆਈ ਜਿਸ ਨਾਲ ਬਨਾਸਪਤੀ ਹਰੀ ਭਰੀ ਹੋ ਗਈ। ਹਰ ਚੀਜ਼ ਵਿਚ ਨਵਾਂ ਪਿਆਰ ਤੇ ਨਵਾਂ ਜੋਬਨ ਦਰਿਆ ਦੀਆਂ ਲਹਿਰਾਂ ਵਾਂਗ ਠਾਠਾਂ ਮਾਰਨ ਲਗਾ॥ ਕੋਇਲਾਂ ਨੇ ਰਸ ਭਿੰਨੇ ਗੀਤ ਅਲਾਪਣੇ ਸ਼ੁਰੂ ਕੀਤੇ ਅਤੇ ਭਾਂਤ ਭਾਂਤ ਦੇ ਗੀਤਾਂ ਦੀ ਅਵਾਜ਼ ਦਿਲ ਖਿਚਵੀਂ ਤੇ ਸੁੱਤਿਆਂ ਨੂੰ ਮਸਤ ਕਰਨ ਲਗੀ। ਅਜ ਉਹ ਦਾਤਾਰ ਜਿਸਤੇ ਕਿ ਇਹ ਸੁਹਾਵਣਾ ਤੇ ਰੂਹ ਪ੍ਰਵਾਰ ਨਜ਼ਾਰਾ ਬਖਸ਼ਿਆ ਦੇਖਣ ਨੂੰ ਆ ਗਿਆ।

Sri Satguru Jagjit Singh Ji Elibrary NamdhariElibrary@gmail.com

ਪਤ ਝੜ ਤੋਂ ਉਪ੍ਰੰਤ ਜਿਸ ਤਰਾਂ ਬਸੰਤ ਰੁਤ ਨੇ ਚਾਰ ਚੁਫੇਰੇ ਹਰਿਆਵਲ ਲੈ ਆਂਦੀ ਤੇ ਬੂਟਿਆਂ ਵਿਚ ਨਵਾਂ ਰੰਗ ਤੇ ਪ੍ਰਫੁਲਤਾ ਦਾ ਸਮਾਂ ਲੈ ਆਂਦਾ ਤੇ ਹਰ ਪਾਸੇ ਬਸੰਤੀ ਫੁਲਵਾੜੀ ਦੇ ਮਹਿਕ ਦਿਲ ਖਿਚਵਾਂ ਨਜ਼ਾਰਾ ਪੇਸ਼ ਕਰਨ ਲਗੀ, ਸੋ ਇਸੇ ਤਰਾਂ ਜਦੋਂ ਸਿਖਾਂ ਵਿਚ ਬਹੁਤ ਸਾਰੀਆਂ ਧਾਰਮਿਕ ਕਮਜ਼ੋਰੀਆਂ ਆ ਗਈਆਂ ਅਤੇ ਸਿਖ ਧਰਮ ਅਤਲੇ ਸਵਾਸਾਂ ਤੇ ਆਗਿਆ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸ਼ੁਭ ਆਗਮਨ ਹੋਇਆ ਤੇ ਸੰਸਾਰ ਅੰਦਰ ਫਿਰ ਜਾਗਰਤ ਦਾ ਚਾਨਣ ਹੋਗਿਆ। ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਜੀਦੇ ਸ਼ੁਭ ਆਗਮਨ ਸਮੇ ਦੀ ਤੁਕ ਉਚਾਰੀ ਹੈ ਕਿ:—

ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ। ਚੀਨੀ ਵਾਲੇ ਦੇ ਸੰਸਾਰ ਵਿੱਚ ਆਉਣ ਨਾਲ ਲਕਾਈ ਤੇ ਨੂਰੀ ਕਿਰਨਾਂ ਦਾ ਅਸਰ ਹੋਇਆ ਜਿਸ ਨਾਲ ਹਰ ਪਾਸੇ ਉਜਾਲਾ ਹੋਗਿਆ। ਇਹ ਜ਼ਰੂਰੀ ਗਲ ਹੈ ਕਿ ਜਦੋਂ ਵੀ ਸੰਸਾਰ ਅੰਦਰ ਧਾਰਮਿਕ ਗਰਾਵਟ ਹਦੋਂ ਟਪ ਜਾਣ ਤੇ ਆਉਂਦੀ ਹੈ ਜਾਂ ਬਹੁਤ ਅਤਿਆਚਾਰ ਹੁੰਦੇ ਹਨ ਤਾਂ ਕਿਸੇ ਅਵਤਾਰ ਮਹਾਂ ਪੁਰਸ਼ਾਂ ਨੂੰ ਜਨਮ ਲੈਣਾ ਪੈਂਦਾ ਹੈ। ਇਕ ਕਵੀ ਨੇ ਆਖਿਆ ਹੈ:—

ਜਬ ਜਬ ਹੋਤ ਧਰਮ ਕੀ ਹਾਨੀ
ਤਬ ਤਬ ਆਵਤ ਸਾਰਿੰਗ ਪਾਨੀ।

ਸਤਿਗੁਰੂ ਰਾਮ ਸਿੰਘ ਜੀ ਦਾ ਸ਼ੁਭ ਆਗਮਨ ਵੀ ਠੀਕ ਉਸ ਸਮੇ ਹੋਇਆ ਜਦੋਂ ਕਿ ਸਿਖਾਂ ਵਿਚੋਂ ਸਿਖੀ ਗਰਾਵਟ ਹਦੋਂ ਟਪ ਗਈ ਅਤੇ ਸਤਿਗੁਰੂਆਂ ਦੇ ਪਾਏ ਪੂਰਨਿਆਂ ਦੀ ਉਲੰਘਣਾ ਕਰਨ ਲਗ ਪਏ ਤਾਂ ਇਹਨਾਂ ਦੀ ਹਾਲਤ ਦੀ ਪੁਕਾਰ ਸੁਣੀ ਗਈ ਅਤੇ ਸਤਿਗੁਰੂ ਰਾਮ ਸਿੰਘ ਜੀ ਪਿਤਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਦੀ ਕੁਖੋਂ ਇਕ ਛੋਟੇ ਜਿਹੇ ਅਸਥਾਨ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿਖੇ ਅਵਤਾਰ ਲਿਆ। ਆਗਮਨ ਕੀ ਹੋਇਆ ਸੁਕੀ ਹੋਈ ਫੁਲਵਾੜੀ ਨੂੰ ਪਾਣੀ ਮਿਲ ਗਿਆ ਤੇ ਮੁੜ ਸੁਰਜੀਤ ਹੋਗਈ, ਇਸੇਤ੍ਰਾਂ ਸਾਰੀ ਸ੍ਰਿਸ਼ਟੀ ਅੰਦਰ 'ਨਾਮ' ਦੀ ਕੂਕ ਸੁਣਾਈ ਦੇਣ ਲਗੀ।

ਸਤਿਗੁਰੂ ਚੀਨੀ ਵਾਲੇ ਨੇ ਨਾਮ ਰਹਿਤ ਹਿਰਦਿਆਂ ਨੂੰ ਨਾਮ ਦੇ ਅਧਾਰ ਨਾਲ ਭਰ ਦਿਤਾ ਤੇ ਸਾਰੀਆਂ ਊਣਤਾਈਆਂ ਦੂਰ ਕੀਤੀਆਂ। ਇਸ ਕਰਾਮਾਤੀ ਅਸਰ ਨੇ ਬਸੰਤ ਰੁਤ ਵਾਂਗ ਕਾਇਆਂ ਹੀ ਪਲਟ ਦਿਤੀ ਅਤੇ ਸਿਖਾਂ ਵਿਚ ਨਵੀਂ ਜ਼ਿੰਦਗੀ ਪੈਦਾ ਕੀਤੀ।

ਆਪ ਬਸੰਤ ਪੰਚਮੀ ਦਾ ਦਿਹਾੜ ਮਨਾ ਰਹੇ ਹੋ ਅਤੇ ਮੈਂ ਵੀ ਇਸ ਵਿਚ ਹਿਸਾ ਲੈਂਦਾ ਹੋਯਾ ਵਧਾਈ ਦੇਂਦਾ ਹਾਂ ਕਿ ਤੁਸੀ ਉਸ ਚੀਨੀ ਵਾਲੇ ਦਾ ਸ਼ੁਭ ਆਗਮਨ ਦਿਨ ਮਨਾ ਰਹੇ ਹੋ ਜਿਸ ਨੇ ਨਾਮ ਸਿਮਰਨ ਤੇ ਜ਼ੋਰ ਦਿਤਾ ਉਸ ਨਾਲ ਕਈ ਪਾਪੀ ਜੀਵਾਂ ਦਾ ਅਧਾਰ ਹੋਇਆ। ਮੇਰਾ ਇਹ ਸੰਦੇਸ਼ ਹੈ ਕਿ ਨਾਮ ਜਪੀਏ ਤੇ ਉਸ ਪ੍ਰੀਤਮ ਦੇ ਸਦਾ ਗੁਣ ਗਾਉਂਦੇ ਰਹੀਏ

ਅਜੀਤ ਸਿੰਘ (ਸਹਿਮੀ)

ਸ਼ਹੀਦੀ ਬੇਨਜ਼ੀਰ ਸੀ

ਵਲੋਂ ਖੁਸ਼ਾਲ ਸਿੰਘ (ਗੁਪਤ)

ਕੋਟਲੇ ਮਲੇਰ ਦਾ ਸਾਕਾ ਦਿਲਗੀਰ ਸੀ।
ਫਰੰਗੀਆਂ ਦਾ ਰਾਜ ਸੀ ਜ਼ੁਲਮ ਦੀ ਅਖੀਰ ਸੀ।
ਗਊਆਂ ਦੀ ਪੁਕਾਰ ਸੁਨ ਆਏ ਵਲੀ ਪੀਰ ਸੀ।
ਅਰਸ਼ੀ ਫੁਰਮਾਨ ਲੈ ਜਲਵਾ ਮੁਨੀਰ ਸੀ।
ਸਤਿਗੁਰੂ ਰਾਮ ਸਿੰਘ ਵੈਦ ਅਕਸੀਰ ਸੀ।
ਸ੍ਰੀ ਹਰ ਮੰਦਰੋਂ ਖਿੱਚਾ ਘਰੋਂ ਤੀਰ ਸੀ।
ਗਾਈਆਂ ਬੁਚੜ ਮਾਰਦੇ ਲੈਂਦੇ ਓਥੋਂ ਨੀਰ ਸੀ।
ਰਾਤੋਂ ਰਾਤੀਂ ਖਾਲਸੇ ਬੁਚੜ ਦਿਤੇ ਚੀਰ ਸੀ।
ਹੁਕਮ ਲੈਕੇ ਗੁਰੂ ਪਾਸੋਂ ਪੇਸ਼ ਕੀਤੇ ਸਰੀਰ ਸੀ।
ਫਾਂਸੀਆਂ ਤੇ ਚਾਹੜੇ ਕਈ ਕਾਲੇ ਭੇਜੇ ਨੀਰ ਸੀ।
ਡਿਪਟੀ ਕਾਵਨ ਅਸਲੋਂ ਬੇ ਪੀਰ ਸੀ,
ਹੀਰਾ ਸਿਘ ਸ੍ਰਦਾਰ ਦੀ ਸੋਹਣੀ ਤਸਵੀਰ ਸੀ।
ਤੋਪ ਦੇ ਨਿਸ਼ਾਨੇ ਨਾਲ ਕੀਮਾ ਕੀਤਾ ਬੇਰਸ।
ਵਾਰੀ ਵਾਰੀ ਉਡਨ ਲਗੇ ਐਸੀ ਹੋਏ ਅਖੀਰ ਸੀ।
ਸੂਰਮੇ ਸ਼ਹੀਦ ਹੋਏ ਪੀਤੇ ਜਾਮੇ ਸ਼ੀਰ ਸੀ॥
ਹਾਇ ਹਾਇ ਲੋਕੀ ਕਰਦੇ ਅਖੋਂ ਵੈਂਹਦਾ ਨੀਰ ਸੀ।
ਹਸੂੰ ਹਸੂੰ ਖਿੜੇ ਮਥੇ ਗੁਪਤ ਛਡੇ ਸਰੀਰ ਸੀ,
ਕਿਸੇ ਥਾਉਂ ਮਿਲਦੀ ਨਹੀ ਮਸਾਲ ਬੇਨਜ਼ੀਰ ਸੀ।

ਕਰਾਮਾਤ ਕੈਹਰ ਦਾ ਨਾਉ ਹੈ !

(ਵਲੋਂ ਸ: ਬੂਟਾ ਸਿੰਘ ਨਾਮਧਾਰੀ ਕਿਲਾ ਰਾਇਪੁਰ,ਲੁਦਿਹਾਨਾ)

ਇਕ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੋਹਾਂ ਜਹਾਨਾਂ ਦੇ ਮਾਲਕ, ਇਕ ਛਿਨ ਸ੍ਰਿਸ਼ਟੀ ਦੀ ਲੈਤਾ ਅਤੇ ਰਚਨਾ ਕਰਨ ਵਾਲੇ, ਆਪ ਨਰੰਕਾਰ ਅਪਨੇ ਘਰ ਦੇ ਥੜੇ ਉਤੇ ਬਰਾਜ-ਮਾਨ ਸਨ। ਉਸ ਵੇਲੇ ਸਤਿਗੁਰਾਂ ਦੀ ਹਜ਼ੂਰੀ ਵਿਚ ਬਾਬਾ ਸਾਹਿਬ ਸਿੰਘ ਜੀ, ਸਰਦਾਰ ਮੰਗਲ ਸਿੰਘ ਬਿਸ਼ਨ ਪੁਰੇ ਵਾਲੇ ਅਤੇ ਸ੍ਰਦਾਰ ਦਸੌਧਾ ਸਿੰਘ ਜੀ, ਸ੍ਰਦਾਰ ਦੇ ਤਾਏ ਦੇ ਪੁਤ੍ਰ ਬੈਠੇ ਹੋਏ ਸਨ। ਸ੍ਰਦਾਰ ਮੰਗਲ ਸਿੰਘ ਜੀ ਨੇ ਸਨਮੁਖ ਖੜੇ ਹੋ ਕੇ ਗਲ ਵਿਚ ਪਲਾ ਪਾਕੇ ਅਰਜ ਕੀਤੀ ਕਿ ਹੇ ਦੀਨ ਦਯਾਲ ਜੀ ! ਸ੍ਰੀ ਕ੍ਰਿਸ਼ਨ ਜੀ ਅਤੇ ਰਾਮ ਜੀ ਨੇ ਅਪਨੇ ਸਮੇਂ ਬਹੁਤ ਸਾਰੇ ਚ੍ਰਿਤ੍ਰ ਅਪਨੇ ਸਿਖਾਂ ਨੂੰ ਦਿਖਾਏ ਸਨ। ਆਪ ਮੈਨੂੰ ਕੋਈ ਚਰਿਤ੍ਰ ਦਿਖਲਾਉ, ਮੈਨੂੰ ਬਰਾਟ ਰੂਪ ਧਾਰਕੇ ਦਰਸ਼ਨ ਦਿਉ। ਗ੍ਰੀਬੀ ਦੇ ਧਾਰਨ ਕਰਨ ਵਾਲੇ ਸਤਿਗੁਰੂ ਜੀ ਨੇ ਉਤ੍ਰ ਦਿਤਾ ਕਿ ਸ੍ਰਦਾਰ ਜੀ ! ਹੁਣ ਸਮਾਂ ਨਹੀਂ ਅਤੇ ਮੇਰੇ ਵਿਚ ਕੋਈ ਸ਼ਕਤੀ ਨਹੀਂ। ਇਹ ਉਤ੍ਰ ਸੁਣਕੇ ਸ੍ਰਦਾਰ ਜੀ ਨੇ ਹੋਰ ਵੀ ਕਰੜੇ ਬਚਨ ਕੀਤੇ। ਇਕ ਛਿਨ ਅੰਦਰ ਬਿਜਲੀ ਦੀ ਰੋਸ਼ਨੀ ਵਾਂਗ ਪ੍ਰਕਾਸ਼ ਹੋਇਆ। ਸਰਦਾਰ ਜੀ ਬੇਸੁਧ ਹੋਕੇ ਡਿਗ ਪਏ। ਜਦੋਂ ਮੂਰਛਾ ਦੂਰ ਹੋਈ ਅਤੇ ਸਤਿਗੁਰਾਂ ਵਲ ਤਕਿਆ ਤਾਂ ਸਤਿਗੁਰਾਂ ਬਚਨ ਕੀਤਾ ਕਿ ਸ੍ਰਦਾਰ ਜੀ ਏਸ ਸ਼ਕਤੀ ਨੇ ਤਾਂ ਸਾਨੂੰ ਵੀ ਥੜੇ ਤੋਂ ਗਰਾ ਦਿਤਾ। ਆਪ। ਹੁਣ ਜਾਕੇ ਬਰਾਜੋ, ਰਾਤ ਵਡੀ ਹੋ ਗਈ ਹੈ। ਸ੍ਰਦਾਰ ਜੀ ਜਦੋਂ ਮੰਜੇ ਉਤੇ ਜਾ ਕੇ ਬ੍ਰਾਜੇ ਤਾਂ ਤੱਤਕਾਲ ਹੀ ਸ੍ਰਦਾਰ ਜੀ ਨੂੰ ਤਾਪ ਚੜ ਗਿਆ ਅਤੇ ਕੈ ਔਟੀ ਸ਼ੁਰੂ ਹੋ ਗਈ, ਸਾਰੀ ਰਾਤ ਬੜੀ ਤਕਲੀਫ ਵਿਚ ਲੰਘੀ ਅਤੇ ਮਨ ਵਿਚ ਕਹਣ ਕਿ ਤੈਂ ਕਰਾਮਾਤ ਦੇਖਕੇ ਕੀ ਲੈਣਾ ਸੀ. ਕਰਾਮਾਤ ਕੈਹਰ ਦਾ ਨਾਉ ਹੈ। ਸ੍ਰਦਾਰ ਜੀ ਨੇ ਆਪਨੇ ਮਨ ਵਿਚ ਬਹੁਤ ਪਛਤਾਪ ਕੀਤਾ। ਅਤੇ ਸਤਿਗੁਰੂ ਜੀ ਨੂੰ ਠੀਕ ਅਕਾਲ ਪੁਰਖ ਜਾਣਿਆਂ। ਪਿਛਲੀ ਰਾਤ ਜਦੋ ਸਤਿਗੁਰੂ ਜੀ ਉਠੇ ਸ੍ਰਦਾਰ ਜੀ ਦੇ ਡੇਰੇ ਗਏ ਅਤੇ ਸਰਦਾਰ ਦਸੌਧਾ ਸਿੰਘ ਜੀ ਤੋਂ ਪੁਛਿਆ ਕਿ ਸਿੰਘ ਸਾਹਿਬ (ਸਤਿਗੁਰੂ ਜੀ ਸ੍ਰਦਾਰ ਮੰਗਲ ਸਿੰਘ ਜੀ ਨੂੰ ਸਿੰਘ ਸਾਹਿਬ ਸਬਦ ਕਹਕੇ ਬਲਾਇਆ ਕਰਦੇ ਸਨ) ਦਾ ਕੀ ਹਾਲ ਹੈ, ਦਸੌਧਾ ਸਿੰਘ ਜੀ ਨੇ ਉਤ੍ਰ ਦਿਤਾ, ਕਿ ਦੀਨ ਦਯਾਲ ਜੀ ਜਦ ਤੋਂ ਆਪਦੇ ਕੋਲੋਂ ਰਾਤ੍ਰੀ ਸਮੇਂ ਆਏ ਸੀ ਓਦੋਂ ਤੋਂ ਹੀ ਸ੍ਰਦਾਰ ਜੀ ਨੂੰ ਬਹੁਤ ਤਕਲੀਫ ਹੋ ਰਹੀ ਹੈ। ਬਿਰਦ ਪਾਲਕ ਸਤਿਗੁਰੂ ਜੀ ਨੇ ਸ੍ਰਦਾਰ ਜੀ ਦੇ ਸੀਸ ਉਤੇ ਅਪਨਾ ਹੱਥ ਰਖਿਆ ਅਤੇ ਬਚਨ ਕੀਤਾ ਕਿ ਸਭ ਦੁਖ ਦੂਰ ਹੋ ਜਾਣਗੇ ਫੇਰ ਕਦੇ ਅਜੇਹਾ ਕਰੜਾ ਬਚਨ ਨਹੀਂ ਕਰਨਾ। ਤਤਕਾਲ ਹੀ ਤਾਪ ਉਤ੍ਰ ਗਿਆ ਉਲਟੀਆਂ ਬੰਦ ਹੋ ਗਈਆਂ ਸਰੀਰ ਵਿਚ ਉਦਮ ਆਗਿਆ ਅਤੇ ਸ੍ਰਦਾਰ ਜੀ ਨਵੇਂ ਨਰੋਏ ਹੋ ਕੇ ਇਸ਼ਨਾਨ ਆਦਿ ਕਰਕੇ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਜਾਕੇ ਦਰਸ਼ਨ ਕੀਤੇ। ਏਹ ਸਾਖੀ ਦਾਸ ਨੂੰ ਮੇਰੇ ਸੁਰਗਵਾਸੀ ਤਾਇਆ ਜੀ ਨੇ ਦਸੀ ਸੀ ਜੋ ਉਸ ਵੇਲੇ ਮੌਜੂਦ ਸਨ। ਉਨ੍ਹਾਂ ਨੇ ਏਹ ਵੀ ਦਸਿਆ ਕਿ ਫੇਰ ਕਦੇ ਸ੍ਰਦਾਰ ਜੀ ਨੇ ਅਜੇਹੇ ਬਚਨ ਨਹੀ ਕੀਤੇ।

ਪੁਨਾ ਇਕ ਦਿਨ ਏਹ ਬਚਨ ਕੀਤਾ ਕਿ

ਗ੍ਰੀਬ ਨਿਵਾਜ ਜੀ ਆਪ ਕਹਿੰਦੇ ਹੋ ਕਿ ਅੰਗ੍ਰੇਜ਼ ਆਪੇ ਹੀ ਚਲੇ ਜਾਣਗੇ ਬਿਨਾ ਲੜਾਈ ਤੋਂ ਇਨ੍ਹਾਂ ਦੀਆਂ ਤੋਪਾਂ ਵਿਚ ਪਾਣੀ ਪੈ ਜਾਵੇਗਾ, ਇਹ ਗਲ ਕਿਵੇਂ ਵਰਤੇਗੀ। ਉਸ ਵੇਲੇ ਸ੍ਰਦਾਰ ਜੀ ਦੇ ਹੱਥ ਵਿਚ ਬੰਦੂਕ ਫੜੀ ਹੋਈ ਸੀ ਜਦੋਂ ਇਹ ਬਚਨ ਹੋਏ ਸਨ। ਤਾਂ ਸਤਿਗੁਰਾਂ ਕਿਹਾ ਸ੍ਰਦਾਰ ਜੀ ਆਪ ਚੰਗੀ ਤ੍ਰਾਂ ਬੰਦੂਕ ਭਰਕੇ ਚਲਾਓ। ਸਰਦਾਰ ਜੀ ਚੰਗੀ ਤ੍ਰਾਂ ਬੰਦੂਕ ਭਰਕੇ ਘੋੜਾ ਦਬਿਆ ਪਰ ਗੋਲੀ ਨ ਚਲੀ। ਸਤਿਗੁਰੂ ਜੀ ਨੇ ਫੇਰ ਹੁਕਮ ਕੀਤਾ ਕਿ ਸ੍ਰਦਾਰ ਜੀ, ਫੇਰ ਚੰਗੀਤ੍ਰਾਂ ਭਰਕੇ ਚਲਾਉ ਕੋਈ ਕਸਰ ਰਹਿ ਗਈ ਹੋਵੇਗੀ। ਸ੍ਰਦਾਰ ਜੀ ਨੇ ਫੇਰ ਦੂਜੀ ਵੇਰ ਦਾਰੂ ਛਿੜਾ ਭਰਿਆ ਅਤੇ ਘੋੜਾ ਦਬਿਆ ਪ੍ਰੰਤੂ ਫੇਰ ਵੀ ਗੋਲੀ ਨ ਚਲੀ। ਸਤਿਗੁਰਾਂ ਫੁਰਮਾਇਆ ਕਿ ਸ੍ਰਦਾਰ ਜੀ ਇਸਤ੍ਰਾਂ ਅੰਗ੍ਰੇਜ਼ਾਂ ਦੀਆਂ ਤੋਪਾਂ ਵਿਚ ਪਾਣੀ ਪੈ ਜਾਵੇਗਾ। ਤੋਪਾਂ ਅਤੇ ਅਨੇਕ ਪ੍ਰਕਾਰ ਦੇ ਹਥਿਆਰ ਧਰੇ ਰਹਿ ਜਾਣਗੇ ਆਪੇ ਹੀ ਚਲੇ ਜਾਣਗੇ। ਹੁਣ ਆਪ ਘੋੜਾ ਪਿਛੇ ਕਰਕੇ ਫੇਰ ਦਬਾਉ। ਜਦੋਂ ਸ੍ਰਦਾਰ ਜੀ ਨੇ ਘੋੜਾ ਦਬਾਇਆ ਤਾਂ ਬੰਦੂਕ ਚਲ ਪਈ। ਸਤਿਗੁਰੂ ਜੀ ਬਚਨ ਕੀਤਾ ਇਸੇਤ੍ਰਾਂ ਹੁਕਮ ਵਿਚ ਖੇਡ ਵਰਤੇਗੀ। ਸਤਿਗੁਰੂ ਜੀ ਦਾ ਇਹ ਬਚਨ ਸੰ: ੧੯੪੭ ਵਿਚ ਪੂਰਾ ਹੋਇਆ।

ਧੰਨ ਸਤਿਗੁਰੂ ਰਾਮ ਸਿੰਘ ਜੀ!

ਦਿਲ ਦੀ ਜਾਨਣ ਹਾਰ ॥

ਵੈਦ "ਰਤਨ" ਗਿਆਨ ਸਿੰਘ ਹਾਲ ਦਾਲਮ ਨੰਗਲ

ਇਕ ਵੇਰਾਂ ਜਿਲਾ ਸਿਆਲ ਕੋਟ ਤਹਿਸੀਲ ਨਾਰੋਵਾਲ ਪਿੰਡ ਸੈਦੂਕੇ ਮੇਰੇ ਚੋਜੀ ਪ੍ਰੀਤਮ ਦੌਰਾ ਕਰਦੇ ਚਲੇ ਗਏ। ਓਥੇ ਸਿਰਫ ਇਕ ਘਰ ਨਾਮਧਾਰੀਆਂ ਦਾ ਸੀ, ਹਜਾਰਾ ਸਿੰਘ ਤੇ ਹਰਨਾਮ ਸਿੰਘ ਵਗੈਰਾ ਉਨਾਂ ਨੇ ਬੜੇ ਪ੍ਰੇਮ ਨਾਲ ਲੰਗਰ ਕੀਤਾ। ਬੜੀ ਸੰਗਤ ਹਮ ਹਮਾਕੇ ਦਰਸ਼ਨ ਨੂੰ ਆਈ। ਪਿਛਲੇ ਪੈਹਿਰ ਦਾ ਦੀਵਾਨ ਲਗਾ ਸੀ। ਰਾਗੀ ਬੜੇ ਪ੍ਰੇਮ ਨਾਲ ਸ਼ਬਦ ਪੜ੍ਹਦੇ ਸੀ। "ਰਾਖਿਲਿਓ ਹਮ ਤੇ ਬਿਗਰੀ" ਏਨੇ ਨੂੰ ਇਕ ਲੈਂਦੂ ਦੀ ਤਰਫ ਤੋ, ਦੋ ਸਿਖ ਖਾਨੋ ਵਾਲ ਵਲੋ ਆਏ ਇਕ ਦੇ ਸਿਰ ਤੇ ਪਗ ਚਿਟੀ ਤੇ ਇਕ ਦੀ ਕਾਲੀ, ਤੇੜ ਦੋਹਾਂ ਦੇ ਚਾਦਰਾਂ ਸੀ। ਮੈਂ ਪੰਡਾਲ ਦੇ ਦਰਵਾਜੇ ਅਗੇ ਖੜਾ ਸਾਂ ਦੋਨੋ ਮਥਾ ਟੇਕਕੇ ਬੈਠਨ ਲਗੇ ਤਾਂ "ਘਟਿ ਘਟਿ ਕੇ ਪਟਿ ਪਟਿ ਦੀ ਜਾਨਣ ਹਾਰੇ' ਬੋਲੇ ਭਾਈ ਬਹਾਦਰ ਸਿੰਘ ਜੀ ਸਿਖ ਨੂੰ ਭਜਨ ਦਸੋ। ਬਹਾਦਰ ਸਿੰਘ ਹੋਰਾਂ ਸਿਖਾਂ ਨੂੰ ਅਵਾਜ ਮਾਰੀ, ਭਾਈ ਸਿਖਾ! ਭਜਨ ਪੁਛ ਲੈ। ਕਾਲੀ ਪਗ ਵਾਲਾ ਸਿਖ ਬੈਠ ਗਿਆ। ਚਿਟੀ ਵਾਲੇ ਨੇ ਭਜਨ ਪੁਛਿਆ ਤੇ ਬੈਠ ਗਿਆ, ਏਨੇ ਨੂੰ ਅਜੇ ਕੋਈ ੧੦ ਮਿੰਟ ਹੋਏ ਸੀ ਕਿ ਉਠਿਆ ਦੁਹਥੜਾ ਮਾਰ ਉਠਿਆ, ਸਿਰ ਵਿਚ ਮਿਟੀ ਪਾਉਣੀ ਸ਼ੁਰੂ ਕਰ ਦਿਤਾ, ਧਰਤੀ ਪਰ ਲੇਟਨਾ ਸ਼ੁਰੂ ਹੋ ਗਿਆ। ਕਦੇ ਏਧਰ ਤੇ ਕਦੇ ਓਧਰ ਅਤੇ ਮੂੰਹ ਵਿਚੋਂ ਅਵਾਜ ਏਹ ਨਿਕਲੀ, ਧੰਨ ਗੁਰੂ ਰਾਮਦਾਸ ਪੰਜ ਵਰ ਇਸੇਤ੍ਰਾਂ, ਧੰਨ ਗੁਰੂ ਰਾਮ ਸਿੰਘ ਦੋ ਵਰ। ਫੇਰਾਂ ਲਗੀਆਂ ਵਾਲਿਆਂ ਨੂੰ ਕੌਣ ਮੋੜੇ? ਵਧ ਵਧ ਕੇ ਕਕੇ ਦੀ ਤਰਾਂ ਇਸਦੇ ਮੁਖ ਚੋਂ ਅਵਾਜ ਨਿਕਲ ਦੀ ਸੀ। ਭਜਨ ਦਸਦਿਆਂ ਐਹੋ ਜਹਿਆ ਸਮਾ ਸੁਹਾਵਣਾ ਬਣਿਆ ਕੇ ਜੇਹੜਾ ਕਿ ਕਲਮ ਬਿਆਨ ਨਹੀਂ ਕਰ ਸਕਦੀ, ਲੋਕ ਆਖਨ ਲਗ ਪਏ ਕੇ ਕੂਕਿਆਂ ਕੁਛ ਕਰ ਦਿਤਾ। ਲੋਕ ਤਮਾਸ਼ਬੀਨ ਉਠ ਖੜੇ ਹੋਏ, ਆਖਨ ਲਗੇ ਭਈ ਠੀਕ ਸੁਣਦੇ ਹੁੰਦੇ ਸਾਂ ਸਾਡੇ ਵਡੇ ਵੀ ਗਲਾਂ ਕਰਦੇ ਸੀ ਕੇ ਕੂਕਿਆਂ, ਕੋਲ ਇਕ ਗੁਰ ਮੰਤਰ ਹੈ ਜੇਹੜਾ ੨ ਕੰਨ ਕਰਕੇ ਸੁਣਦਾ ਹੈ ਉਹ ਕੂਕ ਉਠਦਾ ਹੈ। ਤਦੇ

Sri Satguru Jagjit Singh Ji Elibrary NamdhariElibrary@gmail.com

ਦੀ ਏਨ੍ਹਾਂ ਨੂੰ ਕੂਕੇ ਆਖਦੇ ਨੇ ? ਭਈ ਠੀਕ ਮੇਰਾ ਬਾਪੂ ਆਖਦਾ ਸੀ ਕੇ ਗੁਰੂ ਰਾਮ ਸਿੰਘ ਬੜੀ ਬਕਤੀ ਵਾਲੇ ਸੀ, ਸਾਡੇ ਸੇਦੂਕਿਆਂ ਵਿਚ ਇਕ ਵਰਾ ਆਏ ਸੀ ਤਾਂ ਓਨ੍ਹਾ ਮਲੂਕ ਪੂਰਦੇ ਨਿਹਾਲ ਸਿੰਘ ਦੇ ਦਿਲ ਦੀ ਬੁਝਕੇ ਗੁਰ ਮੰਤਰ ਦਿਤਾ ਤੇ ਉਸਨੂੰ ਹਾਲ ਪੈ ਗਿਆ ਸੀ। ਗੁਰੂ ਜੀ ਕਿਹਾ ਭਾਈ ਏਸ ਨੂੰ ਕੋਈ ਮਾੜੀ ਗਲ ਨਹੀਂ ਆਖਨੀ ॥ ਇਹ ਵੇਖ ਸਭ ਸਜਣੇ ਚਰਨੀ ਢੇਹ ਪਏ ਤੇ ਸਭ ਪਾਸੇ ਵਾਹ ਵਾਹ ! ਵਾਹ !! ਹੋਣ ਲਗ ਪਈ।

ਕਿਉਂ ਇਤਨਾਂ ਚਿਰ ਲਾਇਆ ॥

ਵਲੋਂ ਕਰਤਾਰ ਸਿੰਘ (ਕੁਸਮ) ਨਾਮਧਾਰੀ ਕਕੜਵਾਲ

ਚੀਨੀ ਵਾਲੜਾ ਕੰਬਲੀ ਪਹਿਨ ਬਾਣਾ,
ਜਦੋਂ ਆਪ ਗਡੇ ਤੇ ਅਸਵਾਰ ਹੋਇਆ।
ਗਲ ਪਾ ਪਲਾ ਹੱਥ ਜੋੜ ਕੇ ਤੇ,
ਵੀਰ ਬੁਧ ਸਿੰਘ ਅਰਜ ਗੁਜਾਰ ਹੋਇਆ।
ਦਰਸ਼ਨ ਦੀਨ ਦਿਆਲ ਕਦ ਹੋਣ ਤੇਰੇ,
ਕੀਹਦੇ ਆਸਰੇ ਛਡ ਸਿਧਾਰ ਹੋਇਆ।
ਸੋਹਣੇ ਮੁਖੋਂ ਸੀ ਬਚਨ ਉਚਾਰਿਆ ਤੇ,
ਮਾਲਾ ਵਰਨੀਆਂ ਥੋੜਾ ਵਿਵਹਾਰ ਹੋਇਆ।
ਹਵਨ ਯੱਗ ਤੇ ਪਾਠ ਅਖੰਡ ਕਰਨੇ,
ਛੇਤੀ ਫੇਰਾ ਮੈਂ ਭਾਰਤ ਮੇ ਪਾਵਿਆਂਗਾ।
ਤੁਸੀ ਕਾਰ ਜਦ ਇਹ ਕਮਾਂਸੋਗੇ,
ਦਰਸ਼ਨ ਏਸੇ ਹੀ ਦੇਹੀ ਵਿਚ ਆ ਦਿਆਂਗਾ।
ਐਪ੍ਰ ਆਪ ਦਾ ਫਰਜ਼ ਹੈ ਨਾਮ ਜਪਣਾ,
ਸਿਖਾਂ ਨੂੰ ਨਾਮ ਜਪਾ ਵੀਰਾ।

ਗੁਰੂ ਨਾਨਕ ਬਗੀਚੀ ਦਾ ਬਣ ਮਾਲਕ,
ਸਿਖੀ ਬਾਗ ਨੂੰ ਹਰਾ ਰਖਾ ਵੀਰਾ।
ਲੰਗਰ ਗਰਾਂ ਦਾ ਰਹੇ ਹਮੇਸ ਜਾਰੀ,
ਭੁਖਾ ਕੋਈ ਨਾਂ ਦਆਰਿਓਂ ਜਾ ਵੀਰਾ।
ਜਿਨਾਂ ਕਰੋਗੇ ਭਜਨ ਇਕ ਮਨ ਹੋਕੇ,
ਦਰਸ਼ਨ ਛੇਤੀ ਹੀ ਦਿਆਂਗਾ ਆ ਵੀਰਾ।
ਵੇਖੋ ਸਤਿਗੁਰਾਂ ਓਸੇ ਹੀ ਹੁਕਮ ਅੰਦਰ,
ਐਸਾ ਨਾਮ ਪ੍ਰਵਾਹ ਚਲਾ ਦਿਤਾ।
ਹਵਨ ਯੱਗ ਰੱਚਕੇ ਭੈਣੀ ਸਾਹਿਬ ਅੰਦਰ,
ਚੰਡੀ ਸਵਾ ਲੱਖ ਪਾਠ ਕਰਵਾ ਦਿਤਾ।
ਸਾਹਿਬ ਜਾ ਸੁਹਬ ਵਿਚ ਸਤਿਗੁਰਾਂ ਨੇ,
ਅਖੰਡ ਪੰਜ ਸੌ ਦਾ ਭੋਗ ਪਾ ਦਿਤਾ।
"ਕੁਸਮਾਂ" ਅਜੇਨਾਂ ਚੀਨੀ ਦੀ ਵਾਗ ਮੋੜੀ,
ਖਬਰੇ ਕਿਉਂ 'ਇਤਨਾ ਚਿਰ ਲਾ ਦਿਤਾ' ?

ਗੁਰੂ ਪੂਰਾ ॥

ਵਲੋਂ ਕਰਤਾਰ ਸਿੰਘ ਜੀ ਨਾਮਧਾਰੀ

ਸ੍ਰੀਮਾਨ ਉਪਮਾ ਯੋਗ ਸੰਤ ਕੇਸਰ ਸਿੰਘ ਜੀ 'ਚੁਪ' ਸੇਖਵਾਂਵਾਲੇ ਸੰਧਿਆ ਵੇਲੇ ਗੁਰਦੁਵਾਰੇ ਦੇ ਬਾਹਰ ਇਕ ਥੜੇ ਪਰ ਬੈਠੇ ਹੋਏ ਭਜਨ ਕਰ ਰਹੇ ਸਨ ਤੇ ਕੁਛ ਸਾਧ ਸੰਤ ਵੀ ਪਾਸ ਬੈਠ ਸਨ ਦਾਸ ਵੀ ਉਨਾ ਵਿਚ ਹੀ ਸੀ ਇਕ ਸਿਖ ਸੰਤ ਜੀ ਨੂੰ ਮੁਠੀਆਂ ਭਰ ਰਿਹਾ ਸੀ ਤੇ ਸੰਤ ਜੀ ਪੂਰਾ ਮੁਖ ਖੋਲ ਕਰ ਭਜਨ ਕਰ ਰਹੇ ਸਨ। ਜਿਸਤਰਾਂ ਦੇ ਉਨਾ ਦਾ ਅਭਿਆਸ ਤੇ ਸਾਧ ਵੀ ਕੁਛ ਭਜਨ ਕਰ ਰਹੇ ਸਨ। ਜੋ ਸਿਖ ਮੁਠੀਆ ਭਰ ਰਿਹਾ ਸੀ ਉਸਨੂੰ ਕਾਫੀ ਦੇਰੀ ਹੋ ਗਈ, ਪਰ ਸੰਤਾਂ ਨੇ ਕਦੀ ਕਿਸੀ ਨੂੰ ਮੁਠੀਆਂ ਭਰਨੇ ਵਾਸਤੇ ਨਹੀਂ ਸੀ ਕਿਹਾ, ਤੇ ਨਾਹੀ ਕਦੀ ਕਿਸੀ ਨੂੰ ਹਟਾਇਆ ਸੀ ਕਿ ਹਣ ਤੂੰ ਬਸ ਕਰ ਕਿਉਂਕਿ ਉਹ ਵਡੇ ਭਾਰੇ ਸਨ। ਸੇਵਾ ਕਰਨੇ ਵਾਲੇ ਦੇ ਹਿਰਦੇ ਵਿਚ ਖਿਆਲ ਪੈਦਾ ਹੋਇਆ ਕੇ ਮੈਂ ਦੇਰੀ ਤੋਂ ਮੁਠੀਆਂ ਭਰ ਰਿਹਾ ਹਾਂ ਪਰ ਸੰਤਾਂ ਮੈਨੂੰ ਬੰਦ ਹੋਣ ਵਾਸਤੇ ਨਹੀਂ ਕਿਹਾ, ਸੰਤ ਉਸਦੇ ਦਿਲ ਦੀ ਜਾਨਕਰ ਬਚਨ ਕਰਨੇ ਲਗੇ।

ਅਸੀਂ ਪੈਹਿਲੇ ਇਕ ਗੁਰੂ 'ਭੜੂਆਂ' ਜੋ

ਕਿ ਉਦਾਸੀ ਸੀ ਧਾਰਨ ਕੀਤਾ ਤੇ ਸ੍ਰੀ ਅੰਮ੍ਰਿਤ ਸਰ ਵਿਚ ਉਸਦੀ ਬੜੀ ਸੇਵਾ ਕੀਤੀ ਰੋਜ਼ਾਨਾ ਸ਼ਾਮ ਨੂੰ ਪ੍ਰਸਾਦ ਖਵਾਨ ਦੇ ਪਿਛੋਂ ਤੇ ਆਪ ਵੀ ਪ੍ਰਸ਼ਾਦ ਛਕਨੇ ਦੇ ਬਾਦ ਉਸ ਗੁਰੂ ਨੂੰ ਮੁਠੀਆਂ ਭਰਦੇ ਸੀ, ਮੁਠੀਆਂ ਭਰਿਦਿਆਂ ੨ ਓਹ ਸੌ ਜਾਂਦਾ, ਤੇ ਅਸੀਂ ਭਰਦੇ ਹੀ ਰਹਿੰਦੇ ਕਿਉਂਕਿ ਜਦ ਤਕ ਉਹ ਸਾਨੂੰ ਬੰਦ ਨ ਕਰੇ, ਅਸੀਂ ਗੁਰੂ ਦੀ ਸੇਵਾ ਕਿਉਂ ਛਡੀਏ। ਇਸ-ਤਰਾਂ ਕਰਦਿਆਂ ੨ ਰਾਤ ਗੁਜਰ ਜਾਂਦੀ ਤੇ ਜਦ ਉਸਨੇ ਪਲਸੇਟਾ ਮਾਰਨਾ ਤਾਂ ਅਸੀਂ ਦੂਸਰੀ ਤਰਫ ਘੁਟਨਾ ਜਾਰੀ ਰਖਣਾ। ਇਸਤ੍ਰਾਂ ਘੁਟਦਿਆਂ ਨੂੰ ਪਰਭਾਤ ਵੇਲਾ ਹੋਵਨਾ ਤੇ ਗੁਰੂ ਨੇ ਉਠਨਾ ਤੇ ਅਸੀਂ ਵੀ ਉਸਦੇ ਨਾਲ ਸੋਚ ਅਸ਼-ਨਾਨ ਕਰਵਾਨਾ ਤੇ ਖੁਦ ਵੀ ਕਰਨਾ ਤੇ ਫਿਰ ਉਨ੍ਹਾਂ ਦੀ ਵਿਧੀ ਅਨੁਸਾਰ ਨਾਮ ਸਿਮਰਨ ਵਿਚ ਲਗ ਜਾਵਨਾ। ਦਿਨ ਚੜਦੇ ਸਾਰ ਸੰਸਾਰੀ ਜੀਵਾਂ ਦੇ ਰੁਝੇਵੇ ਵਿਚ ਤੇ ਗੁਰੂ ਦੀ ਸੇਵਾ ਵਿਚ ਤੇ ਲੰਗਰ ਬਨਾਨ ਆਦਿਕ ਸੇਵਾ ਵਿਚ ਗੁਜਰਾਨੀ ਇਸੀ ਪ੍ਰਕਾਰ ਸੇਵਾ ਕਰਦਿਆਂ ਕਾਫੀ ਮੁਦਤ ਗੁਜ਼ਰ ਗਈ, ਸਾਰੀ ੨ ਰਾਤ ਜਾਗਦਿਆਂ ਤੇ ਸੇਵਾ ਕਰਦਿਆਂ ਤੇ ਦਿਨ ਵੀ ਸੇਵਾ ਵਿਚ ਗੁਜ-ਰਨਾ ਪਰ ਪ੍ਰਾਪਤ ਕਛ ਨਹੀਂ ਹੋਇਆ! ਇਸੀ ਵਾਸਤੇ ਸੰਤਾਂ ਦੇ ਮੁਖਾਰ ਬਿੰਦ ਤੋਂ ਉਚਰਿਆਂ ਹੋਇਆ ਲਫਜ ਉਪਰ ਗੁਰੂ "ਭੁਤੂਆ" ਲਿਖਿਆ ਗਿਆ ਹੈ ਕਿਉਂਕੇ ਇਤਨੀ ਸੇਵਾ ਦੇ ਬਾਦ ਰੱਬ ਦੀ ਪ੍ਰਾਪਤੀ ਨਹੀ ਹੋਈ।

ਇਸਤੋਂ ਇਲਾਵਾ ਸੰਤਾ ਨੇ ਛੋਟੀ ਉਮਰ ਵਿਚ 'ਅਲਾਹ'' ੨ ਕਰਦਿਆਂ ਦੇ ਕਾਫੀ ਵਕਤ ਸਰਫ ਕੀਤਾ ਕਿਓਕੇ ਮੁਲਾਂ ਕੋਲ ਪੜਨੇ ਪਏ ਤਾਂ ਉਸਨੂੰ ਪੁਛਿਆ ਕੇ ਤੁਸੀ ਤਸਬੀ ਫੇਰਦੇ ਹੋ ਤੇ ਕੀ ਕਹਿੰਦੇ ਹੋ? ਜੇ ਅਸੀਂ ਰੱਬ ਨੂੰ ਮਿਲਨਾ ਚਾਹੀਏ ਤਾਂ ਅਸੀਂ ਫੇਰੀਏ?

ਫਿਰ ਸੰਤਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਿਲੇ ਤੇ ਸਭ ਮਨੋਰਥ ਪੂਰੇ ਹੋ ਗਏ ਤੇ ਸੰਤਾਂ ਨੇ ਫੁਰਮਾਇਆ "ਗੁਰੂ ਰਾਮ ਸਿੰਘ ਪੂਰਾ ਹੈ" ਸੰਤਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਲੈ ਕਰ ਇਤਨੀ ਕਰੜੀ ਤਪਸਿਆ ਕੀਤੀ ਕੇ ਦਾਸ ਨੂੰ ਇਤਨਾ ਗਿਆਨ ਨਹੀਂ ਸਕਦਾ ਤੇ ਨਾ ਹੀ ਕੋਈ ਆਧਾਂ ਸੰਤਾਂ ਦੀ ਬਾਬਤ ਜਾਨ ਹੀ ਸਕਦਾ ਹੈ ਕਿਉਕ ਗੁਰਬਾਨੀ ਵਿਚ ਹੁਕਮ ਆਉਂਦਾ ਹੈ।

'ਸਾਧ ਕੀ ਮਹਿਮਾ ਬੇਦ ਨਾ ਜਾਨੇ।'

ਇਤਨੀ ਜ਼ਰੂਰ ਅਰਜ ਕਰਦਾ ਹਾਂ, ਕੇ ਆਪਨੇ ਇਕ ਦਫਾ ਫੁਰਮਾਇਆ ਸੀ ਬਾਰਾ ਸਾਲ ਲੂਨ ਨਹੀ ਖਾਦਾ। ਫਿਰ ਆਪ ਬਾਰਾਂ ਸਾਲ ਚੁਪ ਰਹੇ ਹੈਨ ਇਸੀ ਵਾਸਤੇ ਆਪਦਾ ਨਾਉ 'ਚੁਪ' ਸੀ। ਜਦੋਂ ਆਪ ਗੁਜਰਾਂ ਵਾਲੇ ਪਹਿਲੀ ਦਫਾ ਆਏ ਸੀ ਤੇ ਵੜੀ ਹਵੇਲੀ (ਸਤ ਮੰਜ਼ਲੀ ਜੋ ਕਿ ਸ੍ਰਦਾਰ ਹਰੀ ਸਿੰਘ ਨਲੂਏ ਵਾਲੀ ਕਮਾ-ਡਰਨ ਚੀਫ ਮਹਾਰਾਜ ਰਣਜੀਤ ਸਿੰਘ) ਵਾਲੀ ਵਿਚ ਸਭ ਨਾਲ ਉਚੀ ਮੰਜਲ ਪਰ ਰੈਹਦੇ ਸੀ, 'ਚੁਪ' ਅਵਸਤਾ ਵਿਚ ਸੀ। ਆਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਫੁਲਵਾੜੀ ਦੇ ਟਹਿਕਦੇ ਫੁਲਾਂ ਵਿਚੋਂ ਸੀ।

ਕਸਰ ਫਾਰਸੀ ਬੋਲੀ ਵਿਚ ਜ਼ਾਫਰਾਨ ਹੈ ਜਿਸਨੂੰ ਰਗੜ ਕਰ ਮਸਤਕ ਪਾਰ ਤੇ ਕੁਪੜਿਆ ਪਰ ਲਗਾਨਾ ਬੜਾ ਸਫਲ ਸਮਝਿਆ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ ਜੀ ਸੁਖਮਨੀ ਸਾਹਿਬ ਵਿਚ ਹੁਕਮ ਕਰਦੇ ਹਨ।

ਪੂਰਾ ਪ੍ਰਭੁ ਅਰਾਧਿਆ ਪੂਰਾ ਜਾਕਾ ਨਾਉ,
ਨਾਨਕ ਪੂਰਾਪਾਇਆ ਪੂਰੇ ਕੇ ਗੁਨ ਗਾਉ।

ਸੋ ਪੂਰੇ ਗੁਰੂ ਤੇ ਪ੍ਰਭੂ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ। ਸੰਤਾਂ ਦੇ ਵਾਕ ਪੂਰਾ ਹੋਵਨ ਦੀ ਪ੍ਰੋੜਤਾ ਕਰਦੇ ਹਨ ਤੇ ਇਨਾ ਤੋਂ ਵਧ ਹੋਰ ਕਿਸੇ ਦੀ ਲੋੜ ਨਹੀ ਜੋ ਸਭੀ ਸਜਨ ਸ਼ੁਭ ਭਾਵਨਾ ਕਰਕੇ ਤੇ ਚੀਨੀ ਵਾਲੇ ਗੁਰੂ ਦੇ ਚਰਨਾਂ ਚਿਤ ਜੋੜ ਕਰ ਉਚਰੋ, 'ਧੰਨ ਗੁਰੂ ਰਾਮ ਸਿੰਘ ਜੀ' ਤੇ ਆਪ ਨੂੰ ਸਭ ਨਾਮਧਾਰੀ ਭਰਾਵਾਨੂੰ ਉਨ੍ਹਾਂ ਦੇ ਸ਼ੁਭ ਆਗਮਨ ਤੇ ਗੁਰਪੁਰਬ ਦੀ ਵਧਾਈ ਹੋਵੇ ਜੀ॥

ਇਹ ਦ੍ਰਿਸ਼ਜ ਅਕਤੋਬਰੀ ਬਨ ੪੦ ਬਰਸ ਪੈਹਲੇਦਾ ਹੈ ਗੁਜਰਾਂ ਵਾਲੇ ਦੇਖਿਆਲ੍ਹੇ ਦਰਵਾਜ਼ੇ ਵਾਲੀ ਸੜਕ ਪਰ ਸ੍ਰੀ ਗੁਰਦੁਆਰਾ ਨਾਮਧਾਰੀ ਵਿਖੇ ਹੋਇਆ।

Sri Satguru Jagjit Singh Ji Elibrary NamdhariElibrary@gmail.com

ਤ੪ ਸਫੇ ਦੀ ਬਾਕੀ

ਗਊਅਨ ਨਾਸ਼ ਕਰਨ ਸਿਖ ਭਾਰੀ।
ਐਸੀਂ ਸੀਸ ਲਗੀ ਇਸ ਵਾਰੀ।
ਬਾਰਾਂ ਸੈ ਅਠਾਸੀਂ ਜਬ ਆਵੈ।
ਸਤਿਗੁਰ ਦੇਸ ਛੋਡ ਪ੍ਰਦੇਸ ਸਿਧਾਵੈ।
ਸਭ ਸਿਖਨ ਕਾ ਦੇਖ ਬੀਦਾਰਾ।
ਧਰਮ ਅਧਰਮ ਕਾ ਸਕਲ ਪਸਾਰਾ।
ਰਾਮ ਸਰੋਵਰ ਕਰ ਇਸਨਾਨਾ।
ਵਡ ਤੀਰਥ ਪੁਨ ਕਰੇ ਪਿਯਾਨਾਂ।
ਬਾਢੀ ਸੁਤ ਕਹੀਏ ਗੁਰ ਜੋਈ।
ਬਲੁਆ ਰਾਜ ਕਰੇਗਾ ਸੋਈ।
(ਗੁਰਬਲਾਸ ਪਾਤਸ਼ਾਹ ੧

ਕਿਰਪਾ ਸਿੰਘ ਜੀ ਨੇ ਮੁਖੋ ਯੋ ਉਚਾਰੀ।
ਟਵੇਂ ਪੰਥ ਨੀਆ ਅਸੰ ਨਾਮਧਾਰੀ।
ਸਦਾ ਰਣ ਦਿਨਸੋ ਜਪੇਗੋ ਅਕਾਲੰ।
ਸਭੀ ਰਿਧ ਸਿਧ ਦਈ ਤਾਸ ਆਲੰ॥
ਕਿਰਪਾ ਸਿੰਧ ਯਹ ਬਖਾਨਾਂ।
ਖਾਸ ਦੀਵਾਨ ਬਿਰਾਜੇ ਮਹਾਨਾਂ।
ਸਿੰਘ ਮਹ ਰਾਮਸਿੰਘ ਮਮ ਸਾਰਾ।
ਦੇਸ ਮਾਲਵੇ ਮਹਿ ਅਵਤਾਰਾਂ।

ਸਤਿਗੁਰੂ ਬਾਲਕ ਸਿੰਘ ਜੀ ਨੂੰ ਦਰਸਨ ਦੇਕੇ ਕਹਿੰਦੇ ਹਨ, ਤੇ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਉਂ ਲਿਖਿਆ ਹੈ।

ਬਾਲਕ ਮਰਗੋਖ ਵਿਸ਼ੇਸ਼ ਉਪਦੇਸ ਨਾਮ,
ਯਦੀ ਨਰ ਨਾਰੀ ਲੈ ਅਪਾਰੇ ਭਵ ਤੇ ਤਰੇ।
ਔਰ ਅਲਹਾਮ ਕਰਤਾਰ ਕਈ ਬਾਰ ਦਯੋ,
ਨਾਮ ਦੇ ਉਧਾਰ ਕਰ ਜੀਵਨ ਕਾ ਤੂੰ ਖਰੇ।
ਐਪੇ ਦਸਮ ਗੁਰ ਦਰਸ ਦੇ ਜੋ ਕਹਿਓ ਤਾਂਹ,
ਮੇਰ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।
ਯਾਹ ਹਤ ਤਾਂਹ ਨਾਂਹ ਔਰ ਕਾਂਹ ਮਾਂਹ,
ਨਿਜ ਸਕਤ ਰਖਾਈ ਗੁਰ ਵਾਕ ਦ੍ਰਿਢਥ ਧਰੇ।

ਉਪਰ ਸਾਰੇ ਭਵਿਖਤ ਲੇਖਾਂ ਤੋਂ ਸਿਧ ਹੁੰਦਾ ਹੈ, ਕਿ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਦਾ ਕਈ ਗ੍ਰੰਥਾਂ ਤੇ ਪੇਸ਼ੀਨ-ਗੋਈਆਂ ਦੁਆਰਾ ਸਿਧ ਹੁੰਦਾ ਹੈ, ਅਤੇ ਆਪਨੇ ਓਸ ਵਕਤ ਅਵਤਾਰ ਧਾਰਿਆ। ਜਦ ਸਿਖੀ ਰੂਪ ਫੁਲਵਾੜੀ ਬਿਲਕੁਲ ਮੁਰਝਾ ਗਈ, ਬਲਕੇ ਸੜ ਹੀ ਚੁਕੀ ਸੀ। ਜਿਸ ਨੂੰ ਦਸਮ ਪਾਤਸ਼ਾਹ ਨੇ ਆਪਣੇ ਪਰਵਾਰ ਸਮੇਤ ਕਈ ਪੁਤਰ ਵਾਰਕੇ ਸਿੰਜਿਆ ਸੀ। ਜਿਸਦੀ ਸ਼ਹਾਦਤ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਏਸਤਰ੍ਹਾਂ ਦਰਜ ਕਰਦੇ ਹਨ:—

ਨਿਜ ਤੀਯ ਤਜ ਕੁਲਟਾ ਬਿਭਚਾਰਨ,
ਮੁੰਡਿਓ ਸੰਗ ਰਮੈ ਹੈਂ ਜ।
ਤਿਨ ਕੇ ਸੰਗੀ ਬਾਦ ਫਰੰਗੀ,
ਬਹੁਤ ਨਮਰਦ ਥਵੇ ਹੈਂ ਜੋ।
ਮਿਸਲ ਸੁਨਹਿਰੀ ਕਬਜੇ ਵਾਰੇ,
ਤਿਨੇ ਮਸਖਰੀ ਲੋਗ ਕਰੈਂ।
ਸਰਮ ਹਿਆਉ ਸੁਕਰਮ ਤਜ,
ਪੈ ਕੁਕਰਮ ਮੈਂ ਸੋਊ ਮਰੈਂ।
ਥੇ ਨਿਰਦਈਂ ਮਢੇਲ ਸਹਿਜ ਹੀ,
ਚੜੀ ਹਕੂਮਤ ਬੰਨ ਖਰੇ।
ਫਿਰ ਕਿ ਜੋਨਹਿ ਲੁਟ ਮਾਰ,
ਦੁਖ ਦਿਹ ਰਯਤ ਤਈ ਮਹਾਨ ਤਰੇ।
ਬੇਟੀ ਬਹੁ ਪਿਖੈਂ ਜਿਹ ਸੁੰਦਰ,
ਜਬਰਨ ਤਾਂਹਿ ਬਿਗਾਰੇ ਥੇ।
ਬੁਰਛੇ ਲੋਗ ਤਿਲੰਗੇ ਚੰਗੇ,
ਨਹਿ ਰਹੇ ਅਪਾਰੇ ਥੇ।
ਯਾਂਹੀ ਤੇ ਰੱਯਤ ਦੁਖ ਪਾਹੀ,
ਬਾਰੀਂ ਬਾਰੀਂ ਆਂਬਰ ਥੇ।
ਬਿਨ ਜਟਨ ਜੋ ਔਰ ਰਯਤ ਥੀ,
ਭੇਡ ਬਕਰੀਓ ਨਿਆਈ ਜੀ।
ਕਾਰਦਾਰ ਮਲ ਭੁਈਂਓ ਕੇ ਵਿਗ,
ਪਕੜੀ ਰਹੇ ਸਦਾ ਈ ਜੀ।

ਏਸ ਪ੍ਰਕਾਰ ਸਿਖੀ ਦੀ ਹਾਲਤ ਨੂੰ ਦੇਖਕੇ ਸਤਿਗੁਰੂ ਰਾਮ ਸਿੰਘ ਜੀ ਨੇ ੧੮੭੨ ਮਾਘ ਸੁਦੀ ਪੰਚਮੀ ਨੂੰ ਰਿਲਪੁਰ "ਰਾਈਆਂ ਭੈਣੀ" ਗ੍ਰਾਮ ਵਿਖੇ ਅਵਤਾਰ ਧਾਰਿਆ ਅਤੇ ਜਦ ਆਪਨੇ ਬਾਲ ਅਵਸਥਾ ਧਾਰਨ ਕੀਤੀ, ਤਾਂ ਆਪ ਜੀ ਦੇ ਭਹਿਨੋਈ ਸ੍ਰ: ਕਾਬਲ ਸਿੰਘ ਜੀ ਆਪਨੂੰ ਲਾਹੌਰ ਲੈ ਜਾਏ। ਓਸ ਵਕਤ ਰਾਜ ਵਿਚ ਡੋਗਰ ਸ਼ਾਹੀ ਵਰਤ ਹੋਈ ਸੀ, ਬਰਾਏ

ਨਾਮ ਹੀ ਨੌਨਿਹਾਲ ਸਿੰਘ ਗਦੀ ਨਸ਼ੀਨ ਸੀ ਸ: ਕਾਬਲ ਸਿੰਘ ਨੇ ਮਹਾਰਾਜ ਨੌਨਿਹਾਲ ਸਿੰਘ ਦੀ ਪਲਟਨ ਵਿਚ ਆਪ ਨੂੰ ਰਖਾ ਦਿਤਾ, 'ਹਜ਼ਰੋ ਸਾਹਿਬ' ਕੈਂਬਲ ਪਰ ਪਲਟਨ ਗਈ ਤਾਂ ਸਤਿਗੁਰੂ ਬਾਲਕ ਸਿੰਘ ਜੀ ਦਾ ਜਸ ਓਥੇ ਫੈਲਿਆ ਸੀ ਜਿਸਨੂੰ ਸੁਨਕੇ ਆਪ ਦਰਸ਼ਨ ਹਿਤ ਗਏ ਓਥੋਂ ਸਤਿਗੁਰੂ ਬਾਲਕ ਸਿੰਘ ਜੀ ਪਾਸੋਂ ਨਾਮ ਗਰਹਿਨ ਕੀਤਾ ਜਿਸਦੀ ਸ਼ਹਾਦਤ ਗਿਆਨੀ ਗਿਆਨ ਸਿੰਘ ਜੀ—

ਬਾਲਕ ਮਿਰਗੇਸ਼ ਕਾ ਬਸ਼ੇਸ਼ ਜਸ ਸੁਨ ਸੋਊ,
ਕੋਸ਼ਲ ਬਤਕ ਸਮ ਸੁਨ ਹੁਲਸਾਇਕੈ।
....
ਸਾਰ ਚਾਰ ਬੇਦਨ ਕੋ ਭ੍ਰਮ ਭੇਦ ਛੇਦਨ ਕੌ,
ਦਾਇ ਨਿਰਵੇਦਨ ਕੋ ਦੇਖ ਦੁਖ ਘਾਇਕੈ।
ਦੀਓ ਮੰਤਰ ਸ੍ਰੀ ੴਵਾਹਿਗੁਰੂ ਕਾਜ ਸਾਜ,
ਜਾਹਿ ਸਮ ਔਰ ਨਾਹਿ ਰਾਜ ਫਲਦਾਇਕੈ।
ਕੋਊ ਜੋ ਕਹਿਤ ਥੇ ਕਲਾਮ ਜ਼ਦਾਨੀ ਦੀਨੀ,
ਸੋਊ ਸਭ ਕੂਰ ਹਮ ਪੇਖਿਯੋਂ ਅਜ਼ਮਾਇਕੈ।

ਏਸਤਰਾਂ ਆਪ ਜੀ ਨੇ ਹਜ਼ਰੋ ਤੋਂ ਨਾਮ ਦੀ ਦਾਤ ਲੈਕੇ ਓਸਨੂੰ ਕਮਾਵਨਾ ਕੀਤਾ ਅਤੇ ੧੯੧੪ ਦੀ ਵੈਸਾਖੀ ਨੂੰ ਆਪਨੇ ਭਜਨ ਦੇਕੇ ਸਿਖੀ ਨੂੰ ਮੁੜ ਨਵੇਂ ਸਿਰੇ ਤੋਂ ਸਿਖੀ ਸਾਜੀ ਅਤੇ ਨਾਮ ਸਿਮਰਨ ਦਾ ਪਰਵਾਹ ਚਲਾਇਆ ਤੇ ਓਸ ਬਾਰ੍ਹਵੇਂ ਨਾਨਕ ਨੇ ਜੀਆਂ ਦੇ ਬੇੜੇ ਭਰ ਭਰ ਭਵ-ਸਾਗਰ ਤੋਂ ਪਾਰ ਕਰਨੇ ਅਰੰਭ ਦਿਤੇ ਤੇ ਅਜ ਤਕ ਕਰ ਰਹੇ ਹਨ। ਅਜ ਓਸੇ ਰੂਪ ਦੀ ਵਰ੍ਹੇ ਗੰਢ ਹੈ, ਮੈਂ ਸਮੂਹ ਸੰਸਾਰੀਆਂ ਨੂੰ ਵਧਾਈਆਂ ਪੇਸ਼ ਕਰਦਾ ਹਾਂ।

ਮੁਖਬਰ !

[ਵਲੋਂ:—ਸ੍ਰੀਮਾਨ ਸੰਤ ਬਿਸ਼ਨ ਸਿੰਘ ਜੀ ਨੰਗਲ ਕਲਾਂ

ਚਾਰ ਪੰਜ ਆਦਮੀ ਜਿਨ੍ਹਾਂ ਦੇ ਗਲਾਂ ਵਿਚ ਸੂਤ ਦੀਆਂ ਅੱਟੀਆਂ ਹਥਾਂ ਵਿਚ ਤੂੰਬੇ, ਭਗਵੇ ਰੰਗ ਦੇ ਕਪੜੇ, ਬਿਰਾਗਣਾਂ ਕਛਾਂ ਵਿਚ, ਮਧਰੀ ੨ ਚਾਲ ਚਾਲ ਇਕ ਨੀਮੇ ਚੋਲੇ ਵਾਲੇ ਦੇ ਪਿਛੇ ਟੁਰੇ ਆ ਰਹੇ ਨੇ। ਏਹ ਰਾਮ ਰੇਈਆਂ ਦਾ ਮਹੰਤ ਹੈ ਭਾਨਚੰਦ। ਜਿਸਦੇ ਪੈਰੀਂ ਤਿਲੇਦਾਰ ਜੁਤੀ, ਤੇੜ ਸਲਵਾਰ, ਗਲ ਵਿਚ ਸੇਲੀ, ਸਿਰ ਦੀਆਂ ਜਟਾ ਦਾ ਸੀਂਬੜ ਵਧਿਆ ਹੋਇਆ ਹੈ, ਹਿਮਾਂਊ ਚੋਕੀਦਾਰ ਨਾਲ ਇਕ ਭੀਹੀਦੇ ਆਉਂਦੇ ਦੇਖਕੇ ਲੋਕ ਉਠ ਉਠ ਪੈਰੀ ਪੈਰੀ ਪੈ ੨ ਜੀ ਆਖਕੇ ਸੁਆਗਤ ਕਰ ਰਹੇ ਨੇ ਅਤੇ ਇਕ ਮਕਾਨ ਦੇ ਵਿਚ ਵੜ ਗਏ, ਡਿਓਢੀ ਵਿਚ ਇਕ ਚੌਤਰਾ ਹੈ ਜਿਸ ਓਤੇ ਆਸਣ ਵਿਛਿਆ ਹੈ। ਗੜਵਾ, ਡੋਰੀ, ਪਊਏ, ਦਾਤਣਾਂ, ਰੇਤ ਦੀ ਢੇਰੀ ਦਿਸ ਰਹੀ ਹੈ, ਕੀਲੇ ਓਤੇ ਮਾਲਾ ਤੇ ਪੋਥੀ ਦਾ ਗਾਤਰਾ ਲਮਕਦਾ ਹੈ, ਇਕ ਪਾਸੇ:—ਕਰ ਇਸਨਾਨ ਸਿਮਰਨ ਪ੍ਰਭੂ ਆਪਣਾ। ਲਿਖਿਆ ਵੇਖ ਮਨ ਨੀਂਮਾ ਹੋ ਜਾਂਦਾ ਹੈ। ਇਸ ਘਰ ਵਿਚੋਂ ਇਕ ਧਰਮ ਮੂਰਤੀ ਦਵੀ ਖੱਦਰ ਦੇ ਬਸਤ੍ਰ ਸਾਦੇ ਸੁਭਾਵ ਨਾਲ ਏਧਰ ਵੇਖ ਆਇਆਂ ਦਾ ਸਤਕਾਰ ਕਰਨ ਵਾਸਤੇ ਮੰਜਾ ਡਾਹ ਦਿਤਾ, ਜਿਸ ਤੇ ਓਹ ਮਹੰਤ ਜੀ ਬੈਠ ਗਏ। ਕੁਝ ਚੇਲੇ ਮੁਠੀਆਂ ਭਰਨ ਲਗ ਪਏ।

ਮਹੰਤ ਨੇ.......ਬੀਬੀ ਵਲ ਤਕਕੇ ਆਖਿਆ, ਪੁਤਰ ਰਾਮੋ ਦੇਖ ਅਸੀਂ ਰਾਮ ਰਾਈਏ ਬੀ ਗੁਰੂ ਨੂੰ ਮੰਨਦੇ ਹਾਂ, ਤੇਰਾ ਪਤੀ ਰਾਮ ਸਿੰਘ ਜਦ ਤੋਂ ਭੈਣੀ ਵਾਲੇ ਗੁਰੂ [ਰਾਮ ਸਿੰਘ], ਦਾ ਸਿਖ ਹੋਇਆ ਹੈ। ਸਾਰਾ ਦਿਨ ਚੰਡੀ ਦੀ ਵਾਰ ਪੜ੍ਹੀ ਜਾਂਦਾ ਹੈ, ਪ੍ਰਿਥਮ ਭਗੌਤੀ ਸਿਮਰਕੇ—ਜੰਗ ਛੇੜੀ ਜਾਣ ਦਾ ਮੰਤਰ ਪੜ੍ਹਦਾ ਹੈ। ਬਹਾਦਰ

Sri Satguru Jagjit Singh Ji Elibrary NamdhariElibrary@gmail.com

ਸਿੰਘ ਤਰਖਾਣ, ਸਾਹਬ ਸਿੰਘ ਘੁਮਾਰ ਨਾਲ ਅਧੀ ਰਾਤ ਤੋਂ ਉਠਕੇ ਖੂਹੇ ਤੇ ਜਾਕੇ ਦਾਤਣ ਕਰਦੇ ਤੇ ਗੌਂਦੇ ਰਹੁੰਦੇ ਹਨ:—

ਭੱਜੇ ਜਾਣ ਫਰੰਗੀ, ਬਜਣ ਘੁੰਗਰੂ।
ਰਾਜ ਖਾਲਸਾ ਕਰੇਗਾ ਆਕੀ ਰਹੇ ਨ ਕੋਇ।

ਜੋ ਮੂਹੋਂ ਆਇਆ ਆਖੀ ਜਾਂਦੇ ਨੇ, ਅਜ ਕਲ ਕੂਕਿਆਂ ਨੂੰ ਬਹੁਤ ਤੰਗ ਕਰਦੀ ਹੈ ਸਰਕਾਰ ਅਸੀਂ ਸਭ ਕੁਛ ਜਾਣਦੇ ਹਾਂ ਰਾਮ ਰਾਈਏ। ਤੁਸੀਂ ਸਮਝੋ, ਥੋੜ੍ਹੇ ਦਿਨ ਨੇੜੇ ਹੈਨ ਹੋਏ, ਕੂਕ-ਪੁਣਾ ਛਡਕੇ ਮਹਾਰਾਜ ਰਾਮਰਾਇ ਦੇ ਸਿਖ ਬਣ ਜਾਓ, ਸਰਕਾਰ ਦੋਨੂੰ ਅਛਾ ਮੰਨੇਗੀ, ਭਰਾਵਾਂ ਵਿਚ ਇਜ਼ਤ ਹੋਵੇਗੀ।

ਬੀਬੀ ਰਾਮੋ.........ਮਹੰਤ ਜੀ ਭਰਾਵਾਂ ਦੀ ਇਜਤ ਆਸਾਡੇ ਲੇਖੇ ਨਹੀਂ ਅਸੀਂ ਰਾਮਰਾਏ ਦੀ ਚਟੀ ਨਹੀਂ ਭਰਨੀ, ਅਸੀਂ ਤਾਂ ਖੰਡੇ ਦਾ ਅੰਮ੍ਰਿਤ ਗੁਰੂ ਗੋਬਿੰਦ ਸਿੰਘ ਦਾ ਛਕਿਆ ਹੈ, ਸਤਿਗੁਰੂ ਰਾਮ ਸਿੰਘ ਜੀ ਸਾਡੇ ਰੋਮ ਰੋਮ ਅੰਦਰ ਵਸ ਰਿਹਾ ਏ, ਕੂਕਾ ਸਬਦ ਸਾਡੇ ਪਾਸ ਰੈਂਹਦੀ ਦੁਨੀਆਂ ਤਕ ਰਵੇਗਾ।

ਮਹੰਤ .....ਬੀਬੀ ਕਲ ਗਾਂਧਾ ਤੇ ਮੋਤੀ ਬੀ ਕੈਂਹਦੇ ਸਨ, ਏਹ ਅਛੇ ਨਹੀਂ ਝੰਡੀ ਹੀ ਚੜ੍ਹਾਈ ਰਖਦੇ ਨੇ ਸਰਕਾਰ ਥੋਨੂੰ ਤੰਗ ਕਰੇਗੀ।

ਬੀਬੀ ਰਾਮੋ.......ਅਸੀਂ ਤਾਂ ਕੂਕਪੁਣਾ ਕੇਸਾਂ ਸਵਾਸਾਂ ਨਾਲ ਨਿਭੇਗਾ ਹੈ।

ਏਹ ਗਲ ਸੁਣਕੇ ਮਹੰਤ ਹੋਰੀ ਸਾਥੀਆਂ ਸਮੇਤ ਉਠਕੇ ਟੁਰ ਪਏ ਗਾਂਧੇ ਨੰਬਰਦਾਰਾਂ ਦੇ ਘਰ ਆਕੇ ਇਕ ਕਾਗਜ ਤੇ ਕੁਛ ਲਿਖਕੇ ਮੋਤੀ ਅਤੇ ਹਿਮਾਉ ਚੌਕੀਦਾਰ ਨੂੰ ਲੁਦਿਆਣੇ ਭੇਜ ਦਿਤਾ ਬਾਰਬਟਨ ਦੇ ਪਾਸ। ਬਾਰਬਟਨ ਨੇ ਪੁਲਸ ਤੇ ਹੋਲਦਾਰ ਭੇਜਕੇ ਢੈਪਈ ਤੋਂ ਸ: ਰਾਮ ਸਿਘ ਤੇ ਉਸਦਾ ਪੁਤ੍ਰ ਰਤਨ ਸਿੰਘ ਤੇ ਬਹਾਦੁਰ ਮਿਸਤ੍ਰੀ ਸਾਹਬ ਸਿੰਘ ਘੁਮਾਰ ਨੂੰ ਹਥਕੜੀਆਂ ਲਾਕੇ ਲੁਦੇਆਣੇ ਹਵਾਲਾਤ ਵਿਚ ਅੱਠ ਦਿਨ ਰਖਕੇ ਬਾਰਬਟਨ ਨੇ ਪੇਸ਼ ਕੀਤਾ।

ਬਾਰਬਟਨ.......ਤੁਮ ਲੋਗ ਝੰਡੀ ਦੇ ਵਾਰ ਦੇ ਪਾਠ ਕਰਨੋਂ ਹਟ ਜਾਵੋ, ਰਾਮ ਸਿੰਘ ਗੁਰੂ ਦੀ ਦੀ ਕਲਾਮ ਕੋ ਛੋਡ ਦੇਓ ਅੰਗਰੇਜ਼ ਦੇ ਦੇ ਰਾਜ ਦੇ ਸੁਖ ਲੈ ਲਵੋ, ਥੋਨੂੰ ਮਾਫੀ ਹੈ, ਨਹੀਂ ਜੇਲ ਜਾਓਗੇ। ਸਿੰਘ.........।

ਅਸੀਂ ਸਤਿਗੁਰੂ ਜੀ ਦੇ ਮੁਖਾਰਬਿੰਦ ਦੀ ਬਾਣੀ ਦਾ ਪਾਠ ਹਮੇਸ਼ਾਹੀ ਕਰਦੇ ਰੈਹਣਾ ਏ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਵਿਚ ਸਮਾ ਬਤੀਤ ਕਰਾਂਗੇ। ਜੇਲ ਦੀ ਕੈਦ ਦਾ ਕੋਈ ਭੈ ਨਹੀਂ ਏਹ ਗਲ ਸੁਣਕੇ ਉਸ ਜੁਲਮੀ ਬਟਨ ਨੇ ਸਿੰਘਾਂ ਨੂੰ ਪਲਸ ਹਵਾਲੇ ਕਰ, ਕੁਟਣ ਦਾ ਹੁਕਮ ਦਿਤਾ। ਅੱਠ ਦਿਨ ਸਿੰਘਾਂ ਨੂੰ ਬਹੁਤ ਤੰਗ ਵਿਚ ਰਖਿਆ ਗਿਆ।

ਬਹਾਦਰ ਸਿੰਘ ਤੇ ਸਾਹਬ ਸਿੰਘ ਨੂੰ ਇਕ ਮਹੀਨਾ ਕੈਦ ਕਰ ਭੇਜ ਦਿਤਾ, ਰਤਨ ਸਿੰਘ ਜੀ ਨੂੰ ਉਸਦੇ ਪਿਤਾ ਰਾਮ ਸਿਘ ਦੇ ਸਾਮਹਣੇ ਦੋਬਾਰਾ ਕੁਟਿਆਂ ਜਿਸਤੇ ਓਹ ਇਕ ਦਿਨ ਕੁਤਵਾਲੀ ਦੀ ਕੰਧ ਲਘਕੇ ਦੌੜ ਗਿਆ ਅਤੇ ਸ੍ਰੀ ਹਜੂਰ ਸ਼ਹਿਬ ਚਲਕੇ ਨਿਹੰਗ ਸਿੰਘ ਦੇ ਬਾਣੇ ਵਿਚ ਰਿਹਾ, ਰਾਮ ਸਿੰਘ ਨੂੰ ਛੇ ਮਹੀਨੇ ਸਜਾ ਤੋਂ ਬਾਦ ਨਜਰਬੰਦ ਕੀਤਾ ਗਿਆ।

ਜੇਕਰ ਭੈਣੀ ਸਾਹਿਬ ਜਾਂ ਹੋਰ ਅੰਮ੍ਰਿਤਸਰ ਚਲਾ ਜਾਵੇ, ਤਾਂ ਜਮੀਨ ਜਬਤ ਕਰਨ ਦਾ ਹੁਕਮ ਦਿਤਾ ਗਿਆ।

ਆਖਰ ਰਾਮ ਸਿੰਘ ਨੇ ਆਪਣੇ ਪੁਤ੍ਰ ਦੇ ਨਾਮ ਜਮੀਨ ਕਰਵਾ ਦਿਤੀ, ਆਪ ਤੀਰਥ ਜਾਤ੍ਰਾ ਕਰਨ ਜਾਂਦੇ ਰੈਂਹਦੇ ਸਨ।

ਮੁਖਬਰ ਮੋਤੀ ਨੇ ਇਕ ਡਾਇਰੀ ਦੁਵਾਰਾ ਲਿਖਕੇ ਭੇਜ ਦਿਤਾ ਕਿ ਏਨਾਂ ਦੀ ਜਮੀਨ ਜਬਤ ਹੋ ਜਾਵੇ ਰਤਨ ਸਿੰਘ ਨੇ ਓਹ ਜਮੀਨ ਹਜੂਰ ਸੈਹਬ ਦੇ ਗੁਰਦੁਆਰੇ ਦੇ ਨਾਮ ਲਵਾ ਦਿਤੀ ਜੋ ਹੁਣ ਤਕ ਕਾਗਜਾਂ ਵਿਚ ਲਿਖੀ ਪਈ ਹੈ ਓਨਾਂ ਦੇ ਬਸ ਵਿਚ ਹੈ ਕੂਕੇ ਸਬਦ ਹੈ, ਬਾਬਾ ਰਾਮ ਸਿਘ ਜੀ ਸਿਧਕੀ ਪੈਹਲੀ ਪਲੰਗ ਵਿਚ ਸਚ-ਖੰਡ ਸਧਾਰੇ ਹੈਨ, ਅਤੇ ਬਹਾਦਰ ਸਿੰਘ ੧੯੬੦ ਵਿਚ ਹਾਜਰੇ ਹੈਨ, ਢੈਪਈ ਜਿਲਾ ਲੁਦਿਹਾਣਾ ਵਿਚ ਹੈ।

ਧੰਨ ਗੁਰੂ ਹਰੀ ਸਿੰਘਜੀ ਮੇਹਰਬਾਨ

ਬੂਟਾ ਸਿੰਘ ਨੰਗਲ ਕਲਾਂ

ਅਮ੍ਰਿਤ ਵੇਲੇ ਉੱਠਕੇ ਇਸ਼ਨਾਨ ਕਰ, ਨਿਤ ਨੇਮ ਬਾਣੀ ਦਾ ਪਾਠ ਕਰਕੇ ਅਰਦਾਸਾ ਕਰਕੇ ਘੋੜੀ ਤੇ ਕਾਠੀ ਤੇ ਚਿਟੀ ਚਤੈਹੀ ਪਾਕੇ ਸੰਤ ਉਤਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਨੂੰ ਸਤਿਗੁਰਾਂ ਦੇ ਦਰਸ਼ਨ ਵਾਸਤੇ ਪਿੰਡੋਂ ਰਸਤੇ ਪੈਕੇ ਜਾ ਰਹੇ ਸਨ।

ਹਾਏ ! ਮੈਂ ਦੁਖੀਆ, ਮੈਨੂੰ ਮੇਰੇ ਕਰਮਾਂ ਨੇ ਮਾਰ ਦਿਤਾ ਏ ਰੱਬ ਤੁਹਾਡਾ ਭਲਾ ਕਰੇ, ਮੇਰੀ ਹਾਲਤ ਤੇ ਰੈਹਮ ਕਰੋ। ਹਾਏ ! ਹਾਏ ! ਮੈਂ ਪਾਪੀ ਨੇ ਪਾਪਾਂ ਦਾ ਫਲ਼ ਪਾ ਲਿਆ, ਮੈ ਕੁਛ ਮੰਗਦਾ ਨਹੀਂ ਦੁਨੀਆ ਦੇ ਤਖਤੇ ਉਤੇ ਮੈਂ ਦੁਖੀਆਂ ਦੀ ਫਰਿਯਾਦ ਸੁਣ, ਏਹ ਇਕ ਕੋਹੜੀ ਕੁਲੀ ਵਿਚ ਪਿਆ ਆਖ ਰਿਹਾ ਸੀ। ਏਹ ਅਵਾਜ ਸੁਣਕੇ ਸੰਤ ਉਤਮ ਸਿਘ ਜੀ ਦਾ ਦਿਲ, ਜੋ ਕਾਹਲਾ ਪੈ ਰਿਹਾ ਸੀ ਅਟਕ ਗਿਆ ਅਤੇ ਦਰਦਾਂ ਭਰੀ ਆਹਾਂ ਸੁਟਕੇ ਹੰਝੂਆਂ ਨਿਕਲ ਆਈਆਂ। ਕੋਹੜੇ ਦੀ ਕੁਲੀ ਕੋਲ ਚਲੇ ਗਏ, ਸੰਤ ਕਹਿਣ ਲਗੇ, ਭਾਈ! ਕਲ ਤੈਨੂੰ ਇਸ ਬੀਮਾਰੀ ਤੋਂ ਛੁਟਕਾਰਾ ਮਿਲ ਜਾਵੇਗਾ, ਕੋਹੜੀ ਹਛਾ ਜੀ! ਰੱਬ ਥੋਨੂੰ ਅਟੱਲ ਰਖੇ ਕੋਈ ਵੈਦ ਮੇਰਾ ਦੁਖ ਦੂਰ ਕਰੇ ਅ ਪਦਾ ਉਪਕਾਰ ਮਰਦੇ ਦਮਾਂ ਤਕ ਜਾਦ ਰਖਾਂਗਾ ਸਤ ਉਤਮ ਸਿੰਘ ਜੀ—ਕੀ ਭਾਈ ਤੈਂ, ਕੋਈ ਇਲਾਜ ਵੀ ਕਰਵਾਇਆ ਹੈ। ਕੋਹੜਾ,, ਬੜੇ ਇਲਾਜ ਕੀਤੇ ਰਾਜੀ ਨਹੀਂ ਹੋਇਆ ਹਣ; ਘਰ ਦਿਆਂ ਨੇ ਏਥੇ ਸੁਟ ਦਿਤਾ ਏ ਝੋਪੜੀ ਵਿਚ ਆਖਦੇ ਨੇ ਛੂਤ, ਦੀ ਬੀਮਾਰੀ ਤੋਂ ਬੋਹਤ ਖਤਰਾ ਹੈ ਅਤੇ ਤੈਨੂੰ ਨੇੜੇ ਰਖਣਾ ਬੁਰਾ ਹੈ" ਐਸ ਠੀਕਰੇ ਵਿਚ ਪਾਣੀ ਪੌਣ ਲਗੇ, ਆਪਣੇ ਮੂੰਹ ਨੂੰ ਕਪੜੇ ਨਾਲ ਕੱਜ ਲੈਂਦੇ ਨੇ ਹੁਣ ਮੇਰਾ ਕਿਸ ਇਲਾਜ ਕਰਨਾ ਹੈ 'ਮੈਂ ਤਾਂ ਮੌਤ ਨੂੰ ਚਾਂਹਦਾ ਹਾਂ, ਮੌਤ ਵੀ ਮੈਥੋਂ, ਭਜੀ ਜਾਂਦੀ ਹੈ। ਪਤਾ ਨਹੀਂ ਕਿਤਨੇ ਦਿਨ ਦੁਖ ਵਿਚ ਬੀਤਨੇ ਨੇ। ਸੰਤ ਉਤਮ ਸਿੰਘ, ਇਸਦਾ ਇਲਾਜ ਕਰਵੋਣ ਵਿਚ ਦ੍ਰਿੜ ਵਿਸਵਾਸ, ਹੈ, ਵਿਸਵਾਸ ਤੋਂ ਬਿਨਾ ਦਵਾਈ ਫਲਦੀ ਨਹੀਂ" ਕੋਹੜੀ' ਤੁਸੀਂ ਰਬਦੇ ਪਿਆਰੇ ਹੋ ਮੈਂ ਬਿਲਕੁਲ ਯਕੀਨ ਕਰਾਂਗਾ, । ਤੇ ਜ਼ਰੂਰ ਕਰਾਂਗਾ ਰੱਬ ਨਾ ਕਰੇ ਮੇਰੇ ਜੇਹਾ ਕੋਈ ਦੁਖੀਆ ਜਹਾਨ ਵਿਚ ਹੋਵੇ, ਸੰਤ ਉਤਮ ਸਿੰਘ ਜੀ ਕਹਿਆ ਤੂੰ ਰਾਜੀ ਜਰੂਰ ਹੋ ਜਾਵੇਂਗਾ, ਏਥੋਂ ਬੱਤੀ ਕੋਹ ਪੈਂਡਾ ਹੈ ਓਥੇ ਜਾਕੇ,, ਕੋਹੜੀ, ਮਰੀ ਹਾਲਤ ਤੇ ਰੈਹਮ ਕਰਨ ਵਾਲਾ ਕੋਈ ਨਹੀ ਮੈਨੂੰ ਕਿਸ ਨੇ ਲੈ ਜਾਣਾ ਹੈ, ਜਿਥੇ ਮੇਰਾ ਦੁਖ ਕਟਿਆ ਜਾਵੇ, ਮਰੇ ਪਾਸ ਪੈਲਾ ਭੀ ਨਹੀਂ, ਸੰਤ ਉਤਮ ਸਿੰਘ ਜੀ —ਰੰਗ ਵਿਚ ਆਗਏ, ਬੇਵੀ ਪ੍ਰੀਤ ਮਜੂਰੀ ਮਾਂਗੀ, ਬਿਨਿਆ। ਸ਼ਤੀ ਪਹੁੰਚ ਸਰੀਰਕ ਰੋਗ ਅਤੇ ਮਾਨਸਕ ਰੋਗ ਬੀ ਕਟੇ ਜਾਣਗੇ। ਕੋਹੜੀ— ਰੱਬ ਥੋੜੀ ਮੁਹੋਂ ਬੋਲੀ ਬਾਣੀ ਸਚੀ ਕਰੇ ਮੈਨੂੰ ਪਿੰਡੋਂ ਕੋਈ ਲਿਜਾਣ ਵਾਲਾ ਨਵੀਂ ਮੈਥੋਂ ਗਲੀਜ ਤੋਂ ਲੋਕ ਡਰਦੇ ਨੇ" ਮੈਂ ਭੈਣੀ ਸਾਹਿਬ ਜਰੂਰ ਚਲਾਂਗਾ, ਓਹ ਹੀ ਏਥੋਂ ਬੱਤੀ ਕੋਹ ਤੇ ਹੈ" ਸੰਤ ਉਤਮ ਸਿੰਘ ਜੀ– ਬਿਨਿਆਂ ਓਥੇ ਬੇ ਪ੍ਰਤੀਤਾਂ ਨੂੰ ਥੌਂ ਨਹੀਂ, ਸਿਦਕਾਂ ਵਾਲਿਆਂ ਨੂੰ ਪਿਆਰ ਸਤਕਾਰ ਤੇ ਦਯਾ ਤਰਸ ਧੀਰਜ ਨਾਲ ਬੇੜੇ ਪਾਰ ਹੁੰਦੇ ਨੇ। ਪ੍ਰੀਤਾਂ ਤੇ ਪ੍ਰਤੀਤਾਂ ਵਾਲੇ ਘਬਰੌਂਦੇ ਨਹੀਂ ਸ਼ਾਹਿਨ ਸਾਹ ਦਾ ਦਰ ਦੁਖੀਆਂ ਲਈ ਚਰਨ ਰਜ, ਦਾ ਕਿਣਕਾ ਮਥੇ ਲਗਾਦਿਆਂ ਹੀ ਮੱਥੇ ਦੀ ਰੇਖ ਬਦਲ ਜਾਂਦੀ ਏ ਅਤੇ ਭਾਗਾਂ ਵਾਲੇ ਹੋ ਜਾਂਦੇ ਹਨ। ਕੋਹੜੀ– ਰੱਬ ਦੇ ਬੰਦੇ! ਮੈਨੂੰ ਦਰਸ਼ਨ ਕਰਵਾਓ, ਮੈਨੂੰ ਪ੍ਰਤੀਤ ਹੈ ਓਹ ਅਕਾਲ ਪਰਖ ਹੈਨ। ਏਹ ਗਲ ਕੋਹੜੇ ਤੋਂ ਸੁਣਕੇ ਸੰਤ ਉਤਮ ਸਿੰਘ ਨੇ ਆਪਣੀ ਘੋੜੀ ਕੋਹੜੇ ਅਗੇ ਖੜੀ ਕਰਕੇ ਓਸਨੂੰ ਉਗੋਂ ਵਿਚ ਲੈਕੇ ਚਿਟੀ ਚਤੈਹੀ ਤੇ ਕਾਠੀ ਤੇ ਬਿਠਾਕੇ ਆਪਣਾ ਆਸਰਾ ਦੇਕੇ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੋਏ ਬੱਤੀ ਕੋਹ ਪੈਂਡਾ ਕੱਟ ਭੈਣੀ ਸਾਹਿਬ ਪਜ ਰਏ। ਸ੍ਰੀ ਸਤਿਗੁਰੂ ਜੀ ਭਾਈ ਉਤਮ ਸਿੰਘ ਸਾਥੀ ਜੋ ਨਾਲ ਲੈ ਆਏ ਹੋ

Sri Satguru Jagjit Singh Ji Elibrary NamdhariElibrary@gmail.com

ਕਿਥੇ ਹੈਨ। ਉਤਮ ਸਿੰਘ ਚਰਨ ਚੁੰਮ ਨਮਸਕਾਰ ਕਰਕੇ ਕਿਹਾ ਦਾਤਾ ਜੀ (ਸੁੰਦਰ ਸੂਰਤ ਮਾਧਰੀ ਮੂਰਤ ਪੂਰਤ ਕਾਰਨ ਸਿਖਨ ਕੀ) ਪਾਤ ਸ਼ਾਹ – ਕਲਪ ਬ੍ਰਿਛ ਕਾਮਧੇਨ ਨੂੰ ਤੁਛ, ਜਾਨਣ ਵਾਲਾ ਮਹਾਂ ਮੂਰਖ ਹੈ। ਪਾਰਸ ਹੀ ਤਾਂਬੇ ਨੂੰ ਪਾਰਸ, ਕਰ ਦੇਂਦਾ ਹੈ। ਦੁਖ ਕਲੇਸ਼ਾਂ ਤੋਂ ਰਹਿਤ ਕਰਨ ਵਾਸਤੇ ਉਸ ਕੋਹੜੇ ਨੂੰ ਰਾਮ ਸਰ ਤੇ ਛਡ ਆਇਆ ਹਾਂ, ਦਾਤਾ ਜੀ ਓਸਦਾ ਦੁਖ ਦੂਰ ਕਰੋ' ਸਤਿਗੁਰੂ ਜੀ – ਸਿਖ ਦੀ ਜੋਦੜੀ ਸੁਣਕੇ ਨਦਰੀ ਨਦਰ ਨਿਹਾਲ ਕਰਨ ਵਾਸਤੇ ਕੋਹੜੇ ਵਲ ਟਰ ਪਏ॥ ਨਾਲ ਭਾਈ ਉਤਮ ਸਿੰਘ ਜੀ ਤੇ ਬਹੁਤ ਸਾਰੀ ਸੰਗਤ। ਸਤਿਗੁਰਾਂ ਨੇ ਜਾਂਦਿਆਂ ਹੀ ਆਪਣੀ ਮਾਲਾ, ਉਸ ਕੋਹੜੇ ਦੇ ਸਿਰ ਤੇ ਰਖਕੇ ਕੰਨ ਵਿਚ ਨਾਮ ਦਾ (ਇੰਜਕਸ਼ਨ) ਕਰ ਦਿਤਾ। ਇਕ ਛਿਨ ਵਿਚ ਦੁਖ ਦੂਰ ਹੋ ਗਏ। ਜਿਵੇਂ ਹਵਾ ਅਗੇ ਪੱਤੇ ਉਡ ਜਾਂਦੇ ਹਨ, ਇਸਤ੍ਰਾਂ ਨਾਮ ਅਗੇ ਸਾਰੇ ਰੋਗ ਨਸ ਗਏ।

ਗੁਰ ਪੂਰੇ ਜਬ ਭਏ ਦਿਆਲ।
ਦੁਖ ਬਿਨਸੇ ਪੂਰਨ ਭਈ ਘਾਲ।
ਇਹ ਕੌਤਕ ਨੂੰ ਵੇਖਕੇ ਸੰਗਤ ਪੜ੍ਹ ਰਹੀ ਸੀ,
ਦੁਖ ਭੈ ਭੰਜਨ ਪ੍ਰਭ ਅਬਿਨਾਸੀ।
ਰੋਗ ਕਟੇ ਕਾਟੀ ਜਮ ਫਾਂਸੀ।ਮਾਰੂ ਮਹਲਾ ੧

ਧੰਨ ਹਨ ਆਤਮ ਸ਼ਕਤੀਆਂ ਦੇ ਮਾਲਕ ਸਤਿਗੁਰੂ ਰਾਮ ਸਿੰਘ ਜੀ ਧੰਨ ਹਨ ਸ਼ਾਹਨ ਸ਼ਾਹ ਗੁਰੂ ਹਰੀ ਸਿੰਘ ਜੀ

ਬਸੰਤ ਆਈ

[ਵਲੋਂ ਸੰਤ ਸ਼ਿੰਗਾਰਾ ਸਿੰਘ ਜੀ 'ਸ਼ਿੰਗਾਰ' ਸੰਤ ਨਗਰ

ਖਿਜ਼ਾਂ ਚੰਦਰੀ ਨੇ ਰੁੰਡ ਮੁੰਡ ਕੀਤਾ
ਝੂੰਮ ਰਿਹਾ ਜ਼ ਬੂਟਾ ਬਰਸਾਤ ਅੰਦਰ।
ਟਹਿਕ ਮਹਿਕ ਤੇ ਲਟਕ ਖੁਸ਼ਬੂ ਚੰਗੀ
ਚੋਹ ਚਹਾ ਸੀ ਆਪਣੀ ਜਾਤ ਅੰਦਰ।
ਪਈ ਲਟਕ ਆਵੇ ਰਾਣੀ ਰਾਤ ਦੀ ਜਿਓਂ
ਚਮਕ ਪੈਣ ਗੁਛੇ ਪ੍ਰਭਾਤ ਅੰਦਰ।
ਹਵਾ ਰੁਮਕਦੀ ਸੀ ਸਿਰ ਫਿਰੇ ਚੁਮਦੀ
ਖੁਸ਼ੀ ਵਿਚ ਨ ਵਿਕੇ ਦਿਨ ਰਾਤ ਅੰਦਰ॥
ਫਿਰੀ ਰਤ ਜ਼ਮਾਨੇ ਨੇ ਜ਼ੋਰ ਖਾਧਾ
ਸਮਾ ਪਾਜਿਆ ਖੁਸ਼ੀ ਦੀ ਹਦ ਹੋਗਈ।
ਜੋਬਨ ਲੁਟਿਆ ਗਮੀ ਨੇ ਦਬ ਲਿਆ
ਕਲੀ ਖਿੜੀ ਮੁਰਝਾਕੇ ਰੱਦ ਹੋ ਗਈ।
ਖ਼ਿਜ਼ਾਂ ਜੇਹੀ ਲਤਾੜਕ ਮਾਰ ਕੀਤੀ
ਖਿੜਿਆ ਬਾਗ ਆ! ਚਾ ਪਰੈਂਡ ਕੀਤਾ।
ਬੋਹੜ ਵਾਂਗ ਪਡੇ ਜਿਹੇ ਡਲਕਦੇ ਸਨ
ਟਾਹਣ ਟਾਹਣ ਏਦੀ ਛੁਹ ਟੁੰਡ ਕੀਤਾ।
ਸਿਧੀ ਸਰੂ ਦੇ ਵਾਂਗ ਜੋ ਲਕਰ ਗਜੇ
ਉਨ੍ਹਾਂ ਤਤੀ ਮਰੋੜਕੇ ਕੁੰਡ ਕੀਤਾ॥
ਜੋ ਸੀ ਮਹਿਕਦੇ ਆਪਣੀ ਮੌਜ ਅੰਦਰ
ਕਲੇ ਕਲੇ ਨੂੰ ਪਕੜਕੇ ਮੁੰਡ ਕੀਤਾ॥
ਐਪਰ ਹੋ ਜਾਂਦਾ ਅੰਤ ਸਾਰਿਆਂ ਦਾ
ਕਦੀ ਸਮਾ ਫਿਰ ਹੋਰਦਾ ਹੋਰ ਹੋਵੇ॥
ਕਦੀ ਚੋਰ ਦਿਲ ਸਾਧਕੇ ਸੰਤ ਹੁੰਦਾ
ਕਦੀ ਸੰਤ ਵੀ ਮਿਸਲ ਚਿ ਚੋਰ ਹੋਵੇ॥
ਗਿਆ ਟੁਟ ਗੁਲਾਮੀ ਦਾ ਬਲ ਜਦੋਂ
ਹੋਸ਼ ਔਣ ਲਗੀ ਰੂਹਾਂ ਹਿਲ ਪਈਆਂ।
ਚੁਕ ਚੁਕ ਕੇ ਸਿਰ ਕਰ ਧੌਣ ਸਿੱਧੀ
ਕਰ ਕਰ ਹਲੇ ਛਾਲੀਂ ਠਿੱਲ ਪਈਆਂ।
ਪਾ ਪਾ ਗਲਵਕੜੀ ਪਿਆਰ ਭਰੀਆਂ
ਘੁਟ ਘੁਟ ਲਾ ਜਫੀਆਂ ਮਿਲ ਪਈਆਂ।
ਚੁਮ ਚੁਮ ਕੇ ਮੁਖੜੇ ਖੁਸ਼ੀ ਅਦਰ
ਇਕ ਦੂਜੀ ਨੂੰ ਦੇਂਦੀਆਂ ਦਿਲ ਪਈਆਂ॥
ਠਾਠਾਂ ਮਾਰ ਪ੍ਰੇਮ ਦਾ ਸ਼ਹੌ ਰੁੜਿਆ
ਰਸ ਭਿੰਨੜੇ ਤਾਰੀਆਂ ਲਾਨ ਲਗ ਪਏ।
ਚਿਰੀਂ ਵਿਛੜੇ ਸੋਹਣੇ ਦੀਦਾਰ ਖਾਤਰ
ਵਾਂਗ ਭੌਰਿਆਂ ਫੇਰੀਆਂ ਪਾਨ ਲਗ ਪਏ॥

ਮੋ [illegible] ਤ [illegible] ਮੇਲੇ
ਮੇਲ ਪਿਆ ਹੈ ਦੇਸ ਬ੍ਰਬਾਦੀਆਂ
ਕੋਰਾਂ ਫੁਟੀਆਂ ਉਠੀਆਂ ਪਿਆਰ ਅੰਦਰ
ਜੁਲਾ ਟੁਕਿਆ ਗਿਆ ਉਪਾਧੀਆਂ ਦਾ ॥
ਜਿਧਰ ਤਕੀਏ ਰਸ ਦੇ ਚਸ਼ਮੇ ਨੇ
ਸੁੰਦਰ ਰੰਗ ਹੈ ਪ੍ਰੇਮ ਸਮਾਧੀਆਂ ਦਾ।
ਸਿਟਫ ਏਕਤ ਭਾ ਦੀ ਚੜੀ ਰੰਗਣ
ਗ਼ਮੀ ਉਡ ਗਈ ਤੇ ਜੋਬਨ ਸ਼ਾਦੀਆਂ ਦਾ।
ਖੁਸ਼ੀ ਹੋਵੇ ਕਿਓਂ ਨਾਂ ਸਾਰੇ ਦੇਸ ਅੰਦਰ
ਜਦੋਂ ਆਪ ਭਗਵਾਨ ਅਵਤਾਰ ਆਵੇ।
ਸਾਰੇ ਧਰਮ ਸ਼ਿੰਗਾਰ ਦੀ ਜੋ ਗੂੰਜ
ਸ਼ਾਖਾ ਜਿਸਦਾ ਆਪ ਦਾਤਾਰ ਹੋਵੇ।
ਅਜ ਸਾਰਾ ਬ੍ਰੈਹਿਮੰਡ ਨਿਹਾਲ ਹੋਇਆ
ਪਈਆਂ ਬੁਲ ਬਲਾਂ ਗੀਤ ਅਲਾਂਦੀਆਂ ਨੇ।
ਕਿਤੇ ਕੁਮਰੀਆਂ ਠੁਮਰੀਆਂ ਨਾਚ ਨਚਣ
ਤਰ੍ਹਾਂ ਤਰ੍ਹਾਂ ਦੇ ਰੂਪ ਬਨਾਂਦੀਆਂ ਨੇ।
ਰਾਗ ਰੰਗ ਬਿਅੰਤ ਅਲਾਪ ਕੇ ਤੇ
ਖੁਸ਼ੀ ਵਿਚ ਟਪੋਸੀਆਂ ਲਾਂਦੀਆਂ ਨੇ।
ਫੁਲ ਮਹਿਕ ਉਠੇ ਗੁਛੇ ਰਸ ਭਿੰਨੇ
ਖਿੜ ਕਲੀਆਂ ਵਾਹ ਸੁਹਾਂਦੀਆਂ ਨੇ।
ਏਨੀ ਜ਼ੁਲਮ ਗੁਲਾਮੀ ਦੀ ਰਾਤ ਉਤੇ
ਚੜਿਆ ਦਿਨ 'ਸ਼ਿੰਗਾਰ' ਬਸੰਤ ਦਾ ਏ।
ਰੂਹਾਂ ਮੋਈਆਂ 'ਚ' ਪਾਇਆ ਚਾ ਅੰਮ੍ਰਿਤ
ਕਾਰਾ ਇਹੋ ਹੀ ਰਾਮ ਭਗਵੰਤ ਦਾ ਏ।
ਨਵਾਂ ਖੇੜਾ ਤੇ ਨਵਾ ਹੀ ਬ੍ਰਿਛ ਸੁੰਦਰ
ਨਵਾਂ ਰੂਪ ਤੇ ਨਵਾਂ ਹੀ ਜਗਾ ਜਾਪੇ।
ਸਾੜ੍ਹੀ ਕਿਸੇ ਦੀ ਲਿਸ਼ਕਦੀ ਨਾਲ ਗੋਟ
ਰੰਗੀ ਕਿਸੇ ਬਸੰਤੀ ਪੱਗ ਜਾਪੇ।
ਹੱਸ ਹੱਸ ਕਰ ਰਾਸ ਬਿਲਾਸ ਖੇਡਨ
ਬੁਢੀ ਈਰਖਾ ਦੀ ਉੱਕੀ ਅੱਗ ਜਾਪੇ।
ਸ਼ੋਹਮੀ ਹੋਈ ਨਾ ਰਹੀ ਅਵਾਜ਼ ਉਕੀ
ਪ੍ਰੇਮ ਰੰਗਿਆ ਬੋਲ ਜਿਓ ਮੰਗ ਜਾਪੇ।
ਸਭੇ ਬਰਕਤਾਂ ਪਾਕੇ ਭਰ ਝੋਲਾ
ਸੂਹੇ ਪੈਹਨ ਸ਼ਿੰਗਾਰ ਬਸੰਤ ਆਈ।
ਭੈਨੀ ਵਾਲੇ ਦੀ ਭੇਟ ਚੜ੍ਹਾਨ ਦੇ ਲਈ।
ਨਿਰੇ ਲੈ ਪਿਆਰ ਬਸੰਤ ਆਈ।

ਬਸੰਤ ਕਿਉਂ ਆਈ ਏ

ਸੰਤ ਰਤਨ ਸਿੰਘ 'ਕੂਕਾ' ਦਮਦਮਾ

ਦੇਖ ਮਾਇ ਨੀ ਰੁਤ ਬਸੰਤ ਆਈ
ਬੁਲ ਬੁਲ ਗੀਤ ਸੁਹਾਵਣੇ ਗਾਂਵਦੀਏ।
ਕੋਇਲ ਕੂਕਦੀ ਬਾਗ ਦੇ ਵਿਚ ਅੜੀਏ
ਜਿਵੇਂ ਰੁਠੜੇ ਯਾਰ ਮਨਾਂਵਦੀ ਏ।
ਨਰਗਿਸ ਤੱਕਦੀ ਫੁਲ ਗੁਲਾਬ ਦੇ ਨੂੰ
ਜਿਵੇਂ ਰਾਂਝੇ ਨੂੰ ਹੀਰ ਤਕਾਂਵਦੀ ਏ।
ਭੌਰ ਗੂੰਜ ਦਾ ਰਾਗ ਅਲਾਪਦਾ ਏ
ਮਾਨੋਂ ਸ਼ਾਮ ਦੀ ਬੈਂਸਰੀ ਗਾਂਵਦੀ ਏ।
ਕਹਿੰਦੇ ਸ਼ਿਵਾਂ ਦੀ ਗੋਦੜੀ ਬਾਹਰ ਆਈ
ਜਿਹੜੀ ਸਤੀ ਪਤਾਲੀਂ ਟਕਾਂਵਦੀ ਏ।
ਇਹ ਬਸੰਤ ਨਹੀਂ ਮੇਰਾ ਹੀ ਅੰਤ ਮਾਏ
ਅਲੇ ਫਟਾਂ ਤੇ ਲੂਣ ਛਿੜਕਾਂਵਦੀ ਏ।
ਜੋਬਨ ਭਰੀ ਇਹ ਰੁਤ ਬਹਾਰ ਦੀ ਏ
ਇਹ ਤਾਂ ਬ੍ਰਿਹੋਂ ਦੀ ਜੋਤ ਜਗਾਂਵਦੀ ਏ।
ਮੇਰੀ ਅੰਦਰੋਂ ਜਿੰਦੜੀ ਢਹਿਵਦੀ ਏ
ਭੈਨੀ ਵਾਲੇ ਦੀ ਯਾਦ ਕਰਾਂਵਦੀ ਏ।
ਇਹ ਤੀਰ ਵਿਛੋੜੇ ਦੇ ਮਾਰਦੀਏ
ਇਹ ਮੈਨੂੰ ਬਸੰਤ ਨਾ ਭਾਂਵਦੀ ਏ।
ਮੇਰਾ ਪੀਆ ਪ੍ਰਦੇਸੋਂ ਨ ਦੇਸ ਆਵੇ
'ਕੂਕਾ' ਇਹ ਬਸੰਤ ਕਿਓਂ ਆਂਵਦੀ ਏ।

ਸੁਨਹਿਰੀ ਅਸੂਲ

੧ ਗ਼ਰੀਬ ਦੀ ਮਦਦ ਕਰਨੀ ਵਡਾ ਪੁੰਨ ਹੈ।
੨. ਭੁਖੇ ਦੇ ਮੂੰਹ ਅੰਨ ਪੌਣਾ ਮਹਾਨ ਯੱਗ ਹੈ।
੩. ਸਤਿਗੁਰੂ ਦੇ ਦਰਸ਼ਨ ਤੀਰਥਾਂ ਦੇ ਅਸ਼ਨਾਨ ਨਾਲੋਂ ਮਹੱਤਤਾ ਰਖਦੇ ਹਨ।
੪. ਦਇਆ ਕਰਨੀ ਅਠਾਰਠ ਤੀਰਥਾਂ ਦੀ ਯਾਤਰਾ ਬਰਾਬਰ ਹੈ।
. ਸਤਿਗੁਰ ਪਾਸੋਂ ਸਦੀਵ ਬਖਸ਼ਸ਼ ਮੰਗਣੀ ਚਾਹੀਦੀ ਹੈ।

ਪ੍ਰਸ਼ਨੋਤਰ ਜਗਿਆਸੂ !

ਬਸੰਤ ਰੁਤ !

ਵਲੋਂ ਸਰਧਾ ਸਿੰਘ (ਨਿਮਾਣਾ) ਕਰੀਂਵਾਲਾ

ਜਗਿਆਸੂ

ਆ ਨੀ ਬਸੰਤੇ ਸੁਖਾਂ ਲਦੀਏ ਜਹਾਨ ਵਿਚ, ਵਰ੍ਹੇ ਪਿਛੋਂ ਆ ਸਾਡਾ ਆਤਮਾ ਨ ਤਾਇਆ ਕਰ।
ਕੁਠੇ ਹੋਏ ਅਗੇ ਅਸੀਂ ਬਿਰਿਓਂ, ਦੀ ਛੁਰੀ ਨਾਲ, ਨਾ ਫਟਾਂ ਗੈਰ੍ਹਿਆਂ ਤੇ ਲੂਨ ਛਿੜਕਾਇਆ ਕਰ।
ਖਾਨ ਅਤੇ ਪੀਨ ਦਾ ਸੁਆਦ ਸਾਨੂੰ ਮੂਲ ਨਾਹੀਂ, ਹਸ ਖਿੜ ਦੰਦ ਕਢ ਐਵੇਂ ਨ ਵਖਾਇਆ ਕਰ।
ਗਿਨ ਗਿਨ ਤਾਰੇ ਰਾਤਾਂ ਕਢ ਨੇ ਆ ਅਸੀਂ ਅਗੇ, ਨਵੇਂ ਸਿਰੇ ਐਵੇਂ ਦੁਖੀ ਦਿਲ ਨ ਸਤਾਇਆ ਕਰ।
ਵਾਲ ਵਾਲ ਦੁਖੀ ਸਾਡਾ ਤੇਰੇ ਵਲੋਂ ਵੇਖ ਕਰ, ਛੜੀ ਛਾਂਡ ਐਵੇ ਸਾਡੇ ਦੇਸ 'ਚ ਨਾ ਆਇਆ ਕਰ।
ਤੇਰੇ ਹਥੋਂ ਤੰਗ ਹੋਏ ਭਾਂਵਦੀ ਨ ਮੂਲ ਸਾਨੂੰ, ਰੁਖਾ ਜਿਹਾ ਮੂੰਹ ਕਢ ਅਖਾਂ ਨ ਝਬਾਇਆ ਕਰ।
ਹਰੇ ਪੀਲੇ ਰੰਗ ਦੇ ਤੂੰ ਓਡਕੇ ਲਿਬਾਸ ਆਵੇਂ, ਏਹੁ ਜਿਹਾ ਵੇਸ ਕਿਤੇ ਹੋਰ ਜਾਕੇ ਲਾਇਆ ਕਰ।
ਜਿਨਾ ਚਿਰ ਖਾਸ ਸਾਡੇ ਦਿਲ ਦੀ ਨਾ ਪੂਰੀਂ ਕਰੇ, ਓਨਾ ਚਿਰ ਵਕਤ ਕਿਤੇ ਹੋਰ ਦੇ ਟਪਾਇਆ ਕਰ।

ਬਸੰਤ

ਆਖਦੀ ਬਸੰਤ ਰਾਣੀ ਸਣ ਜਗਿਆਸੂ ਵੀਰਾ, ਮੇਰੀ ਭਾਵੇ ਤੇਰੇ ਨਾਲੋਂ ਦੁਖਾਂ ਵਿਚ ਸ਼ਾਨ ਹੋਵੇ ॥
ਦੇਸੋ ਪ੍ਰਦੇਸ ਜਿਸ ਨਾਰ ਦਾ ਸੁਹਾਗ ਫਿਰੇ, ਚਾ ਚੈਨ ਕਾਹਦਾ ਖਾਨ ਕਾਹਦਾ ਪੀਨ ਹੋਵੇ॥
ਤੁਰਦੀ ਸਾਂ ਚਾਵਾਂ ਨਾਲ ਜਾਨਦਾ ਸੀ ਦੇਸ ਸਾਰਾ, ਸਜੇ ਪਾਸੇ ਜਦੋਂ ਸ੍ਰੀ ਰਾਮ ਭਗਵਾਨ ਹੋਵੇ॥
ਚਰਨਾ ਦੀ ਧੂੜੀ ਜਿਸ ਜਿਸ ਉਤੇ ਪੈਂਦੀ ਜਾਏ, ਪਸ਼ੂ ਪੰਛੀ ਰੁਖ ਨਰ ਨਾਰ ਨਾਰੀ ਕਲਿਆਨ ਹੋਵੇ ॥
ਮੇਰਿਆਂ ਦੁਖਾਂ ਦੀ ਪੀੜ ਸਾਹਿਬ ਸਭਾ ਜਾਨਦਾ ਏ, ਸੁਖ ਉਹਨੂੰ ਕਾਹਦਾ ਜਿਦਾ ਬੂਗਾ ਹੀ ਵਿਰਾਨ ਹੋਵੇ ॥
ਮੈਂ ਵੀ ਏਸੇ ਲੋਭ ਹਿਤ ਪੇਹਨ ਕੇ ਪੁਸ਼ਾਕ ਆਵਾਂ, ਮੁਰਦਾ ਹੋਈ ਜਾਨ ਮੇਰੀ ਮੁੜ ਸਵਾਧਾਨ ਹੋਵੇ ॥
ਦੇ ਕੇ ਦਿਦਾਰ ਪਟੇ ਆਪਨਿਆਂ ਹਥਾਂ ਨਾਲ, ਬਿਰਿਓਂ ਦਾ ਲਗਾ ਜੋ ਕਲੇਜ ਵਿਚ ਬਾਨ ਰੋਵੇ।
ਮੈਂ ਵੀ ਫੇਰ ਖੁਸ਼ੀ ਸੇ ਪਰੋਕੇ ਲਿਆਵਾਂ ਹਾਰ, ਪਾ ਦੇਵਾਂ ਗਲੇ ਲਗਾ ਭੇੜੀ 'ਚ ਦਿਵਾਨ ਹੋਵੇ।

ਸਾਂਝੀ

ਵਾਲੀ ਦੋ ਜਹਾਨ; ਸ੍ਰੀ ਸਤਿਗੁਰੂ ਰਾਮ ਸਿੰਘ ਪਾਵਨ ਪਵਿਤ੍ਰ ਮਿਤ੍ਰ ਧਰਤੀ ਤੇ ਆਇਆ ਅਜ।
ਹੋਇਆ ਪ੍ਰਕਾਸ਼ ਧੁੰਧਕਾਰ ਨੇ ਛਪਾਇਆ ਮੁਖ, ਚੀਨੀ ਅਸਵਾਰ ਸ਼ੁਭ ਦਿਨ ਪ੍ਰਗਟਾਇਆ ਅਜ।
ਮੈਨੂੰ ਅਪਨਾਨ ਹਿਤ ਵੀਰ ਵੀਰ ਚੰਗਾ ਜਾਨ, ਚੌਧਵੀ ਦਾ ਚੰਨ ਦੂਜ ਮੁਖੜਾ ਦਿਖਾਇਆ ਅਜ।
ਮੈਵੀ ਵਧਾਈ ਦੇਨ ਵਾਸਤੇ ਮਬੂਬ ਤਾਈ, ਰੰਗੋ ਰੰਗ ਫੁਲਾ ਸੰਦਾ ਮੀਂਹ ਬਰਸਾਇਆ ਅਜ ॥
ਕੇਸੋ ਕੇਸੋ ਕੂਕੇ ਰਲ ਸੁਨੇਰਾਂ ਪੁਕਾਰ ਜੈਸੇ, ਰੋਏ ਬਿਨਾ ਦੁਧ ਮਾਤਾ ਦੇਂਦੀ ਨਾ ਨਿਅਨੇ ਨੂੰ ॥
ਬਸੰਤ ਰਾਣੀ ਔਹ ਸਾਰੇ ਆਖੀਏ ਸੁਆਮੀ ਤਾਈ, ਦੇਵੋ ਜੀ ਦਿਦਾਰ ਦੁਖੀ ਆਜ਼ਜ ਨਿਮਾਨੇ ਨੂੰ।

Sri Satguru Jagjit Singh Ji Elibrary NamdhariElibrary@gmail.com

ਦਰਸ਼ਨ ਦੀ ਮੰਗ ॥

(ਵਲੋਂ—ਸ੍ਰੀਮਾਨ ਸੰਤ ਸਾਧੂ ਸਿੰਘ ਜੀ ਸੰਤ ਨਗਰ

ਸੋਹਣਿਆ ਦੱਸ ! ਕੇਹੜੀ ਗਲੋਂ ਰੁਸਿਆ ਏ, ਖਵਰੇ ਹੋ ਗਿਆ ਕੋਈ ਅਪਮਾਨ ਮੈਥੋਂ ।
ਏਡੀ ਮੋਹ ਤੋੜੀ ਚੰਨਾਂ ! ਚਾਹੀਦੀ ਨਹੀਂ। ਕਰ ਮਾਫ ਜੋ ਹੋਇਆ ਨੁਕਸਾਨ ਮੈਥੋਂ ।
ਤੇਰੇ ਹਿਜਰ ਨੇ ਹਾਲੋਂ ਬਹਾਲ ਕੀਤਾ, ਸਾਰਾ ਲੁਟਿਆ ਸ਼ਾਨ ਗੁਮਾਨ ਮੈਥੋਂ ।
ਯਾਦ ਆਵੇ ਤਾਂ ਕੁਝ ਵੀ ਸੁਝਦਾ ਨਾਂ, ਮੇਰਾ ਭੁਲ ਜਾਂਦਾ ਰਾਗ ਤਾਨ ਮੈਥੋਂ ।
ਬੰਦੇ ਰਾਹਿ ਖੁਦਾ ਸਦਵਾਣ ਜਹੜੇ, ਦਿਲਿ ਦੁਸ਼ਮਨਾਂ ਕਰਨ ਨਾ ਤੰਗ ਚੰਨਾਂ
ਸੋਹਣਾ ਦਿਵਸ ਬਸੰਤ ਦਾ ਭਾਗ ਭਰਿਆ, ਦੇਹ ਦੀਦਾਰ ਕਰਦੇ ਪੂਰੀ ਮੰਗ ਚੰਨਾਂ
ਕੀਤਾ ਤੁਰਨ ਵੇਲੇ, ਛੇਤੀ ਆਵਣੇ ਦਾ, ਜਾਪੇ ਭੁਲਿਆ, ਤੈਨੂੰ ਅਕਰਾਰ ਤੇਰਾ ।
ਆਸ ਕਰ ਪੂਰੀ ਤਰਲਾ ਮੰਨ ਅੜਿਆ, ਜੁਗਾਂ ਤੀਕ ਨਾ ਭੁਲਾਂ ਉਪਕਾਰ ਤੇਰਾ ।
ਖੜਾ ਅੱਡ ਝੋਲੀ, ਖੈਰ ਪਾ ਛੇਤੀ, ਊਣਾ ਹੋ ਨਹੀਂ ਜਾਂਦਾ ਭੰਡਾਰ ਤੇਰਾ ॥
ਸਬਰ ਆਂਵਦਾ ਨਾਂ ਬਿਨਾਂ ਵੇਖਿਆ ਦੇ, ਸੁੰਦਰ ਮੁਖੜਾ ਚੀਨੀ ਅਸਵਾਰ ਤੇਰਾ ।
ਮੈਨੂੰ ਦੁਖੀ ਨੂੰ ਵੇਖਕੇ ਲੋਕ ਹਸਣ, ਨਾਲ ਤਾਹਨਿਆਂ ਦੇ ਕਰਨ ਤੰਗ ਚੰਨਾ ।
ਹੋਰ ਮੰਗ ਤਾਂ ਰਹੀ ਬਸੰਤ ਜਾਮਨ, ਪੂਰੀ ਕਰੇ ਜੇ ਦਰਸ ਦੀ ਮੰਗ ਚੰਨਾ ।

'ਨਵੇਲੀ ਬਸੰਤ' ਠਾਕਰਾਂ ਦੀ ਦਾਸੀ !

(ਸਵਰਨ ਸਿੰਘ ਸ੍ਰੀ ਜੀਵਨ ਨਗਰ

ਲੌ ਜੀ ਸੁਤਿਆਂ ਅਸ ਖਵਾਬ ਅੰਦਰ, ਮੈਂ ਜਾ ਪਹੁੰਚਿਆ ਇਕ ਗੁਲਜ਼ਾਰ ਦੇ ਵਿਚ ।
ਓਥੇ ਜਾਕੇ ਨਵੇਂ ਹੀ ਰੰਗ ਵੇਖੇ, ਨਵੇਂ ਖੇਲ ਸਨ ਨਵੇਂ ਸੰਸਾਰ ਦੇ ਵਿਚ ।
ਗੀਤ ਨਵੇਂ ਹੀ ਬੁਲਬੁਲਾਂ ਗੰਦੀਆਂ ਸੀ, ਨਵਾਂ ਰਸ ਸੀ ਨਵੇਂ ਮਲਾਰ ਦੇ ਵਿਚ ।
ਨਵੇਂ ਸਾਜ਼ ਤੇ ਨਵੇਂ ਹੀ ਸ਼ੌਂਕ ਵਾਲੇ. ਨਵੀਆਂ ਸੁਰਾਂ ਸੀ ਨਵੇਂ ਸਤਾਰ ਦੇ ਵਿਚ ।
ਨਵੀਂ ਵੀਣਾ ਦੇ ਨਾਲ ਪਈ ਗਾਂਵਦੀ ਸੀ, ਰਾਣੀ ਬਾਗ਼ ਨਵਾਂ ਹੀ ਵੇਸ ਕਰਕੇ ।
ਸਾਰੇ ਬਾਗ਼ ਦੇ ਵਿਚ ਬਸੰਤ ਛਾਈ, ਨਹੀਂ ਸੀ ਦੁਖੀ ਕੋਈ ਕਿਸੇ ਕਲੇਸ਼ ਕਰਕੇ !

(ਹਜ਼ਾਰਾ ਸਿੰਘ ਸ੍ਰੀ ਜੀਵਨ ਨਗਰ

ਠਾਕਰ ਦੀ ਦਾਸੀ !

ਉਹਦਾ ਵੇਖਕੇ ਸ਼ਾਨ ਹੈਰਾਨ ਹੋਕੇ, ਥੋੜਾ ਝਕਕੇ ਪਿਛਾਂ ਹੋ ਬਹਿ ਗਿਆ ਮੈਂ ।
ਹੈਸਾਂ ਬੜਾ ਦਲੇਰ, ਪਰ ਤੇਜ ਉਹਦਾ, ਵੇਖ ਵੇਖਕੇ ਬਹੁਤ ਹੀ ਢਹਿ ਗਿਆ ਮੈਂ ।
ਕਿਹਾ ਜੀਭ ਨੂੰ ਬੜਾ, ਪਰ ਭੋਤੜੀ ਨੇ, ਮੰਨੀ ਇਕ ਨਾ; ਹਾਰ ਕੇ ਰਹਿ ਗਿਆ ਮੈਂ ।
ਅਖਤ ਨਾਲ ਅਧੀਨਗੀ ਟਕ ਮੱਥਾ, ਬਿਨਾਂ ਬੋਲਿਆਂ ਹੀ ਸਭ ਕੁਝ ਕਹਿ ਗਿਆ ਮੈਂ ।
ਮੇਰਾ ਵੇਖਕੇ ਹਾਲ ਤੇ ਜਾਣ ਦਿਲ ਦੀ, ਲਗੀ ਕਹਿਣ ਉਹ ਨਾਲ ਪਿਆਰ ਮੈਨੂੰ !
ਨਾਂ ਬਸੰਤ ਤੇ ਦਾਸੀ ਅਨੰਤ—ਠਾਕਰ, ਕੀਤਾ ਜਿਨ੍ਹਾਂ ਮਸ਼ਹੂਰ ਸੰਸਾਰ ਮੈਨੂੰ !

Sri Satguru Jagjit Singh Ji Elibrary NamdhariElibrary@gmail.com

ਬਸੰਤੀ ਚਾ!

ਜੋਗੀ ! ਜੋਗੀ !! ਕਿਧਰ ? ਬਾਬੇ ਕੂੰਡੇ ਨੇ ਕਰਮ ਸਿੰਘ 'ਜੋਗੀ' ਪ੍ਰੈਸ ਦੇ ਮੈਨੇਜਰ, ਸੰਤ ਨਗਰ ਵਲ ਲੰਙ ਮਾਰਦੇ ਜਾਂਦੇ ਨੂੰ ਕਿਹਾ।

ਕਰਮ ਸਿੰਘ:-ਸੰਤ ਨਗਰ।

ਬਾਬਾ ਕੂੰਡਾ;-ਓਥੇ ਕੋਈ ਵਿਆਹ ਏ, ਕਿ ਲੰਙ ਮਾਰਦਿਆਂ ਮੇਲ ਭਰ ਵਾਸਤੇ ਜਾ ਰਿਹਾ ਏ.? ਕਲ ਅਜੇ ਪੈਰ ਵਿਚੋਂ ਰੇਪਾ ਭਰ ਸ਼ੀਸ਼ਾ ਨਿਕਲਿਆ ਏ, ਅਜ ਦੌੜਨ ਨਾ ਰਿਹਾ ਏਂ।

ਕਰਮ ਸਿੰਘ:-ਸ੍ਰੀ ਸਤਿਗੁਰੂ ਨਾਮ ਸਿੰਘ ਜੀ ਦਾ ਸ਼ਭ ਆਗਮਨ "ਸਤਿਜੁਗ" ਦਾ ਬਸੰਤ-ਅੰਕ।

ਬਾਬਾ ਕੂੰਡਾ:-ਜਾ ਦੋ ਘੜੀਆਂ ਆਰਾਮ ਕਰ, ਦੋ ਮਹੀਨੇ ਮੰਜੇ ਤੋਂ ਨਹੀਂ ਉਠਿਆ, ਅਜ ਪ੍ਰੈਸ ! ਪ੍ਰੈਸ ! ਬਸੰਤ-ਅੰਕ !! ਛਪ ਜਾਵੇਗਾ, ਬਸੰਤ-ਅੰਕ। ਸਾਰੇ ਸੇਵਾ ਕਰ ਰਹੇ ਹਨ। ਤੇਰੇ ਇਨਾ ਕੰਮ ਨਹੀਂ ਰਹਿ ਗਿਆ।

ਕਰਮ ਸਿੰਘ:-ਬਾਬਾ ਕੂੰਡਿਆਂ, ਹੁਣ ਕੀ ਕਰਦੇ ਰਹੇ ਨੇ ? ਕੰਮ ਸਦਾ ਹੁੰਦੇ ਰਹੇ ਨੇ, ਤੇ ਹੁੰਦੇ ਰਹਿਣਗੇ ਤੇ ਇਹ ਬਸੰਤ-ਅੰਕ ਵੀ ਛਪ ਜਾਵੇਗਾ।

ਬਾਬਾ ਕੂੰਡਾ:-ਫੇਰ ?

ਕਰਮ ਸਿੰਘ:-ਤੇ ਫੇਰ ਜਿਹੜੇ ਹੱਥ ਸੇਵਾ ਕਰ ਲੈਣਗੇ ਓਹੀ ਚੰਗੇ ਹਨ। ਚਲ ਜ਼ਰਾ, ਵੇਖ ਤੇ ਸਹੀ, ਮੇਰੇ ਸਾਥੀ ਦਰਸ਼ਾਰਾ ਸਿੰਘ 'ਡਿਪਟੀ' ਸਵਰਨ ਸਿੰਘ 'ਸਵਰਨ' ਪਿਆਰਾ ਸਿੰਘ ਮਸ਼ੀਨ ਮੈਨ ਕਿਵੇਂ ਪ੍ਰੇਮ ਨਾਲ ਸਤਿਜੁਗੀ ਗੁਲਦਸਤੇ ਨੂੰ ਸਜਾਉਣ ਵਾਸਤੇ ਤਨੋਂ ਮਨੋਂ ਸੇਵਾ ਕਰ ਰਹੇ ਹਨ। ਪ੍ਰ-ਉਪਕਾਰੀ ਜੋਰਾ ਸਿੰਘ ਜੀ ਘਰ ਦਾ ਕੰਮ ਕਾਜ ਛਡ ਗੁਰ ਸੇਵਾ ਵਿਚ ਹਿਸਾ ਪਾ ਰਿਹ ਹੈ। ਗੋਪਾਲ ਸਿੰਘ ਸੇਵਕ ਜਥਾ ਉਚੇਚਾ ਆਕੇ ਫਰਮੇ ਛਪਵਾਉਣ ਵਿਚ ਨਾਲੇ ਸੁਰੀਲੀਆਂ ਤੇ ਮਿਠੀਆਂ ਸੁਰਾਂ ਲਾਉਂਦਾ ਹੈ, ਨਾਲੇ ਚੱਕਰ ਚਲਾਉਂਦਾ ਹੈ।

ਸੰਤ ਰਣਜੀਤ ਸਿੰਘ ਦੀ ਸਿਖਣੀ, ਬੀਬੀ ਮੁਹਿੰਦਰ ਕੌਰ ਕਿਤਨੇ ਪਿਆਰ ਨਾਲ ਸੇਵਾਦਾਰਾਂ ਵਾਸਤੇ ਪ੍ਰਸ਼ਾਦ ਤਿਆਰ ਕਰਦੀ ਹੈ।

ਸ੍ਰੀ ਪੂਜਯ ਬਾਬਾ ਬੀਰ ਸਿੰਘ ਜੀ ਬਸੰਤ ਖੁਸ਼ੀ ਵਿਚ ਭੰਡਾਰੇ ਖੋਲ੍ਹ ਖੋਲ੍ਹ ਵਰਤਾ ਰਹੇ ਹਨ। ਜਦ ਸਾਰੇ ਚਾਈਂ ਚਾਈਂ ਹਿਸਾ ਲੈ ਰਹੇ ਹਨ ਤਾਂ ਮੈਂ ਨਿਭਾਗਾ ਕਿਉਂ ਪਿਛੇ ਰਹਾਂ। ਇਹੋ ਤਾਂ ਜੀਵਨ ਵਿਚ ਲਾਹ ਦੀਆਂ ਘੜੀਆਂ ਹਨ, ਖਬਰੇ ਅਗਲਾ ਸਾਲ ਕਦ ਆਵੇ ਤੇ ਮੈਂ ਉਡੀਕ ਵਿਚ ਰਹਾਂ ?

ਹਣ ਚੁਪ ! ਮੂੰਹ ਬੰਦ !! ਅਗੋਂ ਬੋਲੀਂ ਕੁਝ ਨਾ।

ਬਾਬਾ ਕੂੰਡਾ:-ਚੰਗਾ ਭਾਈ ! ਜਾ ਸਤਿਗੁਰੂ ਖੁਸੀਆਂ ਦੇ। ਭਲੇ ਕੰਮ ਵਲੋਂ ਰੋਕਣਾ ਠੀਕ ਨਹੀਂ। ਚੰਗਾ ਮੇਰੇ ਵਲੋਂ ਵਧਾਈ।

ਕਰਮ ਸਿੰਘ-ਕੁਲ ਆਲਮ ਨੂੰ ਵਧਾਈ ! ਵਧਾਈ !! ਵਧਾਈ !!!

ਸ੍ਰੀ ਸਤਿਗੁਰੂ ਜੀ ਦੇ ਸੁਖਦਾਈ ਬਚਨ !!

(੧) ਨਾਮ ਸਿਮਰਨ ਵਾਸਤੇ ਘਟੋ ਘਟ ਇਕ ਘੰਟਾ ਰੋਜ਼ ਕਢਣਾ ਚਾਹੀਦਾ ਹੈ।

(੨) ਸਿਨਮਾ ਨਹੀਂ ਵੇਖਣਾ ਚਾਹੀਦਾ।

(੩) ਲੜਕੇ ਲੜਕੀਆਂ ਨੂੰ ਵਿਆਹੁਣ ਤੋਂ ਪਹਿਲਾਂ ਵਿਦਿਆ ਪੜ੍ਹਾਉਣੀ ਚਾਹੀਦੀ ਹੈ।

ਨੋਟ:-ਸ੍ਰੀ ਭੈਣੀ ਸਾਹਿਬ ਸਤਿਗੁਰ ਦਰਸ਼ਨ ਨਮਿਤ ਅਖੰਡ ਪਾਠ ਹੋ ਰਹੇ ਹਨ ਪਾਠੀਆਂ ਧੂਪੀਆਂ ਤੇ ਲਾਂਗੀਆਂ ਨੂੰ ਸੇਵਾ ਵਾਸਤੇ ਲੋੜ ਅਨੁਸਾਰ ਬਿਸਤਰੇ ਲੈ ਪੁਜਣਾ ਚਾਹੀਦਾ ਹੈ।

ਪੰਥਿਕ ਡਾਕ

ਸ਼ੁਭ ਅਨੰਦ ਕਾਰਜ

ਸ੍ਰੀ ਜੀਵਨ ਨਗਰ–੫ ਮਾਘ ਸ੍ਰੀ ਆਸਾ ਜੀ ਦੀ ਵਾਰ ਵਿਚ ਖੂਬ ਗਹਿਮਾ ਗਹਿਮ ਸੀ । ਇਸ ਰੋਜ ਸ੍ਰੀ ਪੂਜਯ ਬਾਬਾ ਬੀਰ ਸਿੰਘ ਜੀ ਦੀ ਹਜ਼ੂਰੀ ਵਿਚ ਹੇਠ ਲਿਖੇ ਸ਼ੁਭ ਅਨੰਦ ਕਾਰਜ ਹੋਏ।

(੧) ਗੁਰਦੀਪ ਸਿੰਘ ਸਪੁਤਰ ਸਤ ਹਰਨਾਮ ਸਿੰਘ ਝੋਰੜਾਂ ਦਾ ਬੀਬੀ ਦਿਲਬੀਰ ਕੌਰ ਸਪੁਤਰੀ ਭਾਈ ਕੇਸਰ ਸਿੰਘ ਕੰਡਣ ਪੁਰ ਇਸ ਜੋੜੀ ਵਲੋਂ । ੩।। ਸਤਿਜੁਗ ਨੂੰ ਸਹੈਤਾ ਮਿਲੀ।

(੨) ਚੰਨਣ ਸਿੰਘ ਸਪੁਤਰ ਸੌਦਾਗਰ ਸਿੰਘ ਕੰਡਣ ਪੁਰ ਦਾ ਬੀਬੀ ਸੁਰਿੰਦਰ ਕੌਰ ਸਪੁਤਰੀ ਸੰਤ ਦਲੀਪ ਸਿੰਘ ਸੰਤ ਨਗਰ ਇਨ੍ਹਾਂ ਵਲੋਂ ੨।।) ਸਤਿਜੁਗ ਨੂੰ ਮਿਲੇ ।

(੩) ਬਚਨ ਸਿੰਘ ਸਪੁਤ੍ਰ ਸੰਤ ਧਿਆਨ ਸਿੰਘ ਸੰਤ ਨਗਰ ਦਾ ਬੀਬੀ ਚਰਨ ਕੌਰ ਸਪੁਤਰੀ ਸੰਤ ਦਿਆਲ ਸਿੰਘ ਰਾਣੀਆ ।

(੪) ਪੂਰਨ ਸਿੰਘ ਸਪੁਤਰ ਤੇਜਾ ਸਿੰਘ ਬਹਾਉਦੀ ਦਾ ਸਪੁਤਰੀ ਸੰਤ ਖੁਸ਼ਹਾਲ ਸਿੰਘ ਕੰਡਣ ਪੁਰ ਨਾਲ ੧) ਸਤਿਜੁਗ ਦੇ ਹਿਤ ਆਇਆ ।

(੫) ਅਵਤਾਰ ਸਿੰਘ ਸਪੁਤਰ ਭਾਈ ਸੁੰਦਰ ਸਿੰਘ ਅਮਰਾਸਰ ਦਾ ਬੀਬੀ ਬੰਤ ਕੌਰ ਸਪੁਤਰੀ ਸੰਤ ਮੰਗਲ ਸਿੰਘ ਸੰਤ ਨਗਰ ੧) ।

(੬) ਇੰਦਰ ਸਿੰਘ ਸਪੁਤਰ ਨਰੈਣ ਸਿੰਘ ਸੰਤ ਨਗਰ ਦਾ ਬੀਬੀ ਸਤੋ ਪੁਤਰੀ ਪਿਆਰਾ ਸਿੰਘ ਝਬਰ

(੭) ਮਹਿੰਦਰ ਸਿੰਘ ਸਪੁਤਰ ਟੇਕ ਸਿੰਘ ਸਰਸਾ ਦਾ ਬੀਬੀ ਪ੍ਰੀਤਮ ਕੌਰ ਸਪੁਤਰੀ ਭਾਈ ਸੰਪੂਰਨ ਸਿੰਘ ਸਰਸਾ ਨਾਲ ।

(੮) ਪੂਰਨ ਸਿੰਘ ਸਪੁਤਰ ਬੰਤਾ ਸਿੰਘ ਪਧਰੀ ਦਾ ਬੀਬੀ ਚਰਨ ਕੌਰ ਸਪੁਤਰੀ ਸੰਤ ਤਾਰਾ ਸਿੰਘ ਨਕੌੜਾ ਨਾਲ ੧] ਸਤਿਜੁਗ ਵਾਸਤੇ ।

(੯) ਪੰਜਾਬ ਸਿੰਘ ਸਪੁਤਰ ਵਧਾਵਾ ਸਿੰਘ ਭਿੰਡੀਆ ਦਾ ਬੀਬੀ ਅਮਰੀਕ ਕੌਰ ਸਪੁਤਰੀ ਭਗਤ ਸਿੰਘ ਮੰਡੀ ਵਾਲਾ ।

੧੪ ਮਾਘ ਨੂੰ ਅਨੰਦ ਹਇਆ

੧ ਪਿਆਰਾ ਸਿੰਘ ਸਪਤਰ ਬੂਟਾ ਸਿੰਘ ਦਾ ਬੀਬੀ ਗਿਆਨ ਕੌਰ ਸਪੁਤਰ ਬਹਾਦਰ ਸਿੰਘ ਨਾਲ ।

੧੫ ਮਾਘਦਾਅਨੰਦਕਾਰਜ

(੧) ਕਰਤਾਰ ਸਿੰਘ ਸੋਧੀ ਸਪੁਤਰ ਧਿਰਤ ਸਿੰਘ ਜੀ ਕਰੀ ਵਾਲਾ ਦਾ ਬੀਬੀ ਬਚਨ ਕੌਰ ਸਪੁਤਰੀ ਸੰਤ ਨਰੈਣ ਸਿੰਘ ਜੀ ਕਰੀ ਵਾਲਾ ੫।) ਸਤਿਜੁਗ ਦੇ ਹਿਤ ਆਇਆ । ਦਾਸ ਤਾਰਾ ਸਿੰਘ ਰਾਗੀ

ਦਿੱਲੀ ਵਿੱਚ ਵਰਨੀਆ ਤੇ ਸਹੈਤਾ

ਸੰਤ ਦਲੀਪ ਸਿੰਘ ਜੀ (ਸਬਜ਼ੀ ਮੰਡੀ) ਜੀ ਦੇ ਭਤੀਜੇ ਪ੍ਰੀਤਮ ਸਿੰਘ ਜਗਤ ਸਿੰਘ ਜੀ ਨੇ ਅੰਮ੍ਰਿਤ ਛਕਿਆ ਤੇ ਭਜਨ ਪੜ੍ਹਿਆ ਸਹੈਤਾ, ੫ ਰੁਪੇ ਸਤਿਜੁਗ ੧।] ਰੁਪੇ ਲੰਗਰ ਸ੍ਰੀ ਭੈਣੀ ਸਾਹਿਬ ਜੀ ੧। ਲੰਗਰ ਵਾਸਤੇ ਸੰਤ ਸੁਵਰਨ ਸਿੰਘ ਮਲਿਆ ਵਾਲ ਵਰਨੀ ਕਰਾਈ। ੧।) ਲੰਗਰ ਵਾਸਤੇ । ਸੰਤ ਜਸਵਤ ਸਿੰਘ ਵਰਨੀ ਕਰਾਈ ੧।। ਲੰਗਰ ਵਾਸਤੇ ਬਾਬੂ ਅਜੀਤ ਸਿੰਘ ਸੰਮਰੂ ਪਲੇਸ ਵਰਨੀ ਕਰਾਈ। ੧।) ਸਤਿਜੁਗ ਨੂੰ

ਦਾਸ–ਅਛਰ ਸਿੰਘ ਬੇਦਾਰ ਦਿੱਲੀ ।

ਘਰ ਵਿੱਚ ਗੰਗਾ

ਬੁਤ ਵਾਲਾ ਚੌਂਕ ਤੇ ਖੁਸ਼ਾਲ ਸਿੰਘ ਨਾਮ ਮੇਰਾ ਸਰਸੇ ਵਿਚ ਹੱਟੀ ਮੇਰੀ ਔਕਾਂ ਜੀ ਪਛਾਣਕੇ ।।
ਜਦੋਂ ਕੋਈ ਲੋੜ ਪਵੇ ਹੋਵੇ ਜੇ ਬੀਮਾਰ ਕੋਈ ਹੁਲੀਆ ਬੀਮਾਰੀ ਲਿਖ ਚਿਠੀ ਪਾਓ ਜਾਨਕੇ ।
ਭੇਜਾਂਗਾ ਦਵਾਈ ਚੰਗੀ ਘਰ ਬੈਠ ਹੋਵੇ ਰਾਜ਼ੀ ਗੰਗਾ ਆਈ ਘਰ ਵਿਚ ਤਾਪ ਗਏ ਸ਼ਨਾਨਕੇ ।
ਇਕ ਵਾਰ ਪਰਖ ਕਰੋ ਹੋਵਗਾ ਯਕੀਨ ਫੇਰ ਉਂਗਲਾਂ ਨਾ ਟਿਕੋ ਜੇਹੀਆਂ 'ਗੁਪਤ' ਸਮਾਨਕੇ ।

ਦਾਸ–ਖੁਸ਼ਹਾਲ ਸਿੰਘ ਗੁਪਤ ਸਰਸਾ

ਕਾਵਿ ਕਿਆਰੀ !

ਬਾਰਾਂ ਮਾਂਹ !

ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ

ਵਲੋਂ ਸ੍ਰੀਮਾਨ ਸੰਤ ਅਕਬਾਲ ਸਿੰਘ ਜੀ (ਮਨਰੰਦਾ) ਬੰਕੋਕ ਸਿਆਮ

ੴ

ਚੇਤ ਚਿਤ ਉਦਾਸ, ਪੀਆ ਮੇਰੇ ਨਹੀ ਪਾਸ, ਉਠੇ ਮਨ 'ਚਿ ਹੁਲਾਸ ਕਦੋਂ ਦਰਸ਼ਨ ਪਾਵਸਾਂ।
ਮੇਰੇ ਮਨ ਵਿਚ ਪੀੜ, ਲਗਾ ਪ੍ਰੇਮ ਵਾਲਾ ਤੀਰ. ਵਗ ਨੈਣਾਂ ਵਿਚੋਂ ਨੀਰ. ਕੀਕੂੰ ਮਨ ਸਮਝਾਵਸਾਂ।
ਹਾਲ ਤੋਂ ਬੇਹਾਲ, ਮੇਰੇ ਗਲ ਖੁਲੇ ਵਾਲ, ਲੋਕੀ ਆਖਦੇ ਬਤਾਲ, ਕੀਹਨੂੰ ਦੁਖੜਾ ਸੁਨਾਵਸਾਂ।
ਪ੍ਰੀਤਮ ਪਿਆਰੇ, ਸਤਿਗੁਰੂ ਰਾਮ ਸਿੰਘ ਆਵੇ, ਦੁਖਾਂ ਤੋਂ ਛਡਾਵੇ, ਦਿਨੇ ਰਾਤ ਇਹੀ ਗਾਵਸਾਂ।

---:0:---

ਵੈਸਾਖ ਦਾ ਵੈਰਾਗ, ਲੱਗਾ ਸੀਨੇ ਮੇਰੇ ਦਾਗ ਐਸਾ, ਜਿਉਂ ਜਿਉਂ ਧੋਵਾਂ ਤਿਉਂ ਤਿਉਂ ਵਧ ਜਾਂਵਦਾ।
ਰੋਗ ਜੁਦਾਈ ਵਾਲਾ ਐਸਾ ਮੇਰੇ ਪੇਸ਼ ਪਿਆ ਕੋਈ ਨ ਅੱਲੇ ਜ਼ਖਨਾਂ ਤੇ ਮਰਹਮ ਲਗਾਂਵਦਾ।
ਤਾਹਨਿਆਂ ਮੇਹਨਿਆਂ ਨੇ ਕੀਤੀ ਮੇਰੇ ਭਾ ਐਸੀ, ਸਾਕ ਸੈਣ ਭਾਈ ਕੋਈ ਨ ਮੂੰਹ ਮੈਨੂੰ ਲਾਂਵਦਾ।
ਪ੍ਰਾਨ ਨਾਥ ਸ੍ਰੀ ਸਤਿਗੁਰੂ ਸਿੰਘ ਬਿਨ, ਨਿਤ ਦਾ ਵਿਛੋੜਾ ਮੈਥੋਂ ਜਰਿਆ ਨਾ ਜਾਂਵਦਾ॥

---: :---

ਜੇਠ ਦੀਆਂ ਲੋਆਂ ਦਾ ਨ ਉਕਾ ਮੈਨੂੰ ਡਰ ਕੋਈ, ਤਨ ਇਕੋ ਸੀਨੇ ਦੀਵਾ ਹਿਜਰ ਦਾ ਬਲਦਾ।
ਖਲਦਾ ਨ ਬੁਰ ਜਾਵੇ ਪ੍ਰੀਤਮ ਦੀਦਾਰ ਬਾਝੋਂ, ਪਤਾ ਨਹੀਂ ਜੀਵਨ ਦੀ ਇਕ ਘੜੀ ਪਲਦਾ।
ਪਲ ਪਲ ਯਾਦ ਆਵੇ ਬਿਰਹਾ ਸਤਾਵੇ ਮੈਨੂੰ, ਰਾਹ ਤਕ ਤਕ ਨੈਣੀ ਨੀਰ ਉਛੱਲਦਾ।
ਪ੍ਰੀਤਮ ਪਿਆਰੇ ਸਤਿਗੁਰੂ ਰਾਮ ਸਿੰਘ ਤਾਈਂ, ਕੋਈ ਆ ਮਿਲਾਵੇ ਮਿਟੇ ਦੁਖ ਸਾਰੀ ਗੱਲ ਦਾ॥

---:0:---

ਹਾੜ ਦਾ ਪਹਾੜ ਜੇਡਾ ਦਿਨ ਮੈਨੂੰ ਇਉਂ ਲਗੇ, ਜਿਵੇਂ ਜੁਗ ਲੰਘ ਗਿਆ ਪੀਆ ਦੇ ਦੀਦਾਰ ਨੂੰ॥
ਹੌਕਿਆ ਦੇ ਹਾਵੇ ਰਾਤੀਂ ਨੀਂਦ ਮੇਰੀ ਮੁਕ ਗਈ, ਕੌਨ ਜਾਕੇ ਆਖੇ ਸੋਹਨੇ ਚੀਨੀ ਅਸਵਾਰ ਨੂੰ
ਨੈਣਾਂ ਦੀਆਂ ਪਲਕਾਂ ਰਾਹ ਤਕ ਝੁਕ ਗਈਆਂ, ਲੋਚਦੀਆਂ ਹਰਦਮ ਪ੍ਰੀਤਮ ਪਿਆਰ ਨੂੰ।
ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ. ਕੋਈ ਵੀ ਗਲੇ ਲਾਵੇ ਮੁਝ ਦੁਖਿਆਰ ਨੂੰ॥

---:0:---

ਸਾਵਨ ਕੀ ਘਟਾ ਘਨ ਘੋਰ ਛਾਈ ਚਾਰੋਂ ਓਰ, ਦਾਮਨ ਚਮਕ ਦੇਖ ਜੀਅਰਾ ਡਰਤ ਹੈ॥
ਕੋਇਲ ਕੀ ਕੂਕ ਸੁਨ ਹੂਕ ਉਠੇ ਮੇਰੇ ਤਨ, ਬਿਰਹਾ ਕੀ ਅਗਨੀ ਸੇ ਹਅਰਾ ਜਰਤ ਹੈ।
ਨਨ ਕੀ ਜਗ ਫੀਕੀ, ਪਰ ਰਈ ਰੁਦਨ ਕਰ, ਕੋਈ ਭੀ ਨ ਮੇਰੇ ਮਨ ਧੀਰਜ ਧਰਤ ਹੈ।
ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ, ਹਰ ਗਲੀ ਪਲ ਮੋਰੋ ਚੈਨ ਨ ਪਰਤ ਹੈ।

Sri Satguru Jagjit Singh Ji Elibrary NamdhariElibrary@gmail.com

ਭਾਦਰੋਂ ਦੇ ਭਰਮਾਂ 'ਚਿ ਸੁਧ ਬੁਧ ਐਸੀ ਭੁਲੀ, ਤਨ ਦੀ ਨ ਹੋਸ਼ ਰਹੀ ਨਾਹਿ ਕਿਛ ਗਿਆਨ ਹੈ।
ਕੌਨ ਜਾਨੈ ਪੀਰ ਜੇਹੜੀ ਮੇਰੇ ਤਨ ਲੱਗੀ ਹੋਈ, ਲੋਕਾਂ ਭਾਣੇ ਹਾਸਾ ਨਿਕਲ ਰਹੀ ਮੇਰੀ ਜਾਨ ਹੈ।
ਬਿਰਹਾ ਸ਼ਿੰਗਾਰ ਭੇਖ ਜੋਗਨਾਂ ਦਾ ਮੇਰੇ ਤਨ, ਹਥ ਵਿਚ ਮਾਲਾ ਚਿਤ ਪੀਆ ਦਾ ਧਿਆਨ ਹੈ।
ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ, ਘੜੀ ਦਾ ਵਿਛੋੜਾ ਕਈ ਜੁਗਾਂ ਦੇ ਸਮਾਨ ਹੈ॥

-----:੦:-----

ਅੱਸੂ ਸੁਖੀ ਸੋਈ, ਘਰ ਕੰਤ ਜਿਨਾਂ ਪਾਸ ਵੱਸੇ, ਕੰਤ ਬਿਨ ਨਾਰੀ, ਹੋਵੇ ਕਦੇ ਨਹੀਂ ਸੁਖੀ ਏ।
ਪੀਆ ਪਰਦੇਸ, ਖੁਲੇ ਕੇਸ, ਗਲ ਮੈਲੇ ਵੇਸ, ਤਨ 'ਚ ਕਲੇਸ਼, ਜਿੰਦ ਵਾਲ ਵਾਲ ਦੁਖੀ ਏ।
ਔਂਸੀਆਂ ਪਾਵਾਂ, ਨਿਤ ਸ਼ਗਨ ਮਨਾਵਾਂ, ਕਦ ਦਰਸ਼ਨ ਪਾਵਾਂ, ਸਦਾ ਰਹੇ ਧੁਖ ਧੁਖੀ ਏ॥
ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ, ਜੀਵਨ ਦੀ ਘੜੀ ਲੰਘੇ ਬੜੀ ਬੇ-ਰੁਖੀ ਏ।

-----:*:-----

ਕੱਤਕ ਕਰਮ ਮੇਰੇ ਸੜ ਗਏ ਉਸੇ ਪਲ, ਜਿਤ ਵੇਲੇ ਕੰਤ ਪਰਦੇਸ ਦਰ ਮੱਲਿਆ।
ਹੱਥ ਜੋੜ ਪਲਾ ਪਾਕੇ ਰੋ ਰੋ ਫਾਵੀ ਹੋਈ, ਜੋਗੀ ਮੇਰੇ ਪੀਆ ਦਾ ਨ ਜ਼ਰਾ ਜੇਆ ਹੱਲਿਆ।
ਮੰਦਰ ਚੜ੍ਹਕੇ ਮੈਂ ਪੰਥ ਨਿਹਾਰਾਂ ਨਿਤ, ਨੈਣਾਂ ਵਿਚ ਪਏ ਚਿਟੇ, ਨੀਰ ਮੁਕ ਚੱਲਿਆ।
ਪ੍ਰੀਤਮ ਪਿਆਰੇ ਸ੍ਰੀ ਗੁਰੂ ਰਾਮ ਸਿੰਘ ਜੀਓ, ਸੁਖ ਸਨੇਹੁੜਾ ਮੈਨੂੰ ਕੋਈ ਵੀ ਨ ਘੱਲਿਆ।

-----:੦:-----

ਮੱਘਰ ਮਹੀਨੇ ਮੇਰੋ ਮਨ ਮੁਰਝਾਇ ਰਹ੍ਯੋ, ਪ੍ਰੀਤਮ ਦਰਸ ਲਈ ਸਦਾ ਬਿਲਲਾਤ ਹੈ।
ਘਰ ਨਹੀਂ ਆਵੇਂ, ਹਾਵੇ ਭਰਾਂ ਨਿਤ ਹੌਕਿਆਂ ਦੇ ਰੋਵਾਂ ਕੁਰਲਾਵਾਂ, ਜਿਵੇਂ *ਸ਼ਿਸ਼ੂ ਬਿਨ ਮਾਤ ਹੈ।
ਭੁਲਦਾ ਨ ਇਕ ਘੜੀ, ਐਸਾ ਜਾਦੂ ਪਾਯਾ ਮਾਹੀ, ਪਲ ਦਾ ਵਿਛੋੜਾ ਮੇਰੇ ਸੀਨੇ ਵਿਚ ਘਾਤ ਹੈ॥
ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ, ਲਾਂਬੀ ਜੁਦਾਈ ਵਾਲੀ ਭਈ ਕਾਲੀ ਰਾਤ ਹੈ।

-----:੦:-----

ਪੋਹ ਲਿਖੀ ਪਾਤੀ, ਪੀਆ ਯਾਦ ਨੇ ਸਤਾਯਾ ਐਸਾ, ਲਿਖਦਿਆਂ ਲਿਖਦਿਆਂ ਕਾਨੀ ਮੇਰੀ ਰੁਕ ਗਈ।
ਨੈਣਾਂ ਵਿਚੋਂ ਨੀਰ ਦੇ ਫੁਹਾਰੇ ਮੇਰੇ ਵੱਗੇ ਵੇਖ, ਗੰਗਾ ਅਤੇ ਜਮਨਾਂ ਦੀ ਧਾਰ ਵੈਹਨੇ ਰੁਕ ਗਈ।
ਬਿਰਹਾ ਅੰਗਾਰੇ ਐਸੇ ਫੁਟੇ ਮੇਰੇ ਸੀਨੇ ਵਿਚ, ਵੇਖ ਵੇਖ ਅਚਲਤਾ ਸੁਮੇਰ ਦੀ ਭੀ ਮੁਕ ਗਈ।
ਪ੍ਰਾਨ ਨਾਥ ਸ੍ਰੀ ਸਤਿਗੁਰੂ ਰਾਮ ਸਿੰਘ ਬਿਨ, ਜੀਵਨ ਦੀ ਜੋਤ ਮੇਰੀ ਨੈਣਾਂ ਵਿਚ ਲੁਕ ਗਈ।

-----:੦:-----

ਮਾਘ ਦਾ ਮਹੀਨਾ ਸੀਨਾ ਭੁਜਕੇ ਕਬਾਬ ਹੋਯਾ, ਲੋਕਾਂ ਲੱਗੇ ਸੀਤ ਮੇਰੇ ਹਿਰਦੇ ਅੰਗਿਆਰੀਆਂ।
ਪੀਆ ਦੇ ਵਿਛੋੜੇ ਨੇ ਦੀਵਾਨਾ ਕੀਤਾ ਜੱਗ ਮੈਨੂੰ, ਐਸੀਆਂ ਪ੍ਰੇਮ ਦੀਆਂ ਲਗੀਆਂ ਕਟਾਰੀਆਂ।
ਪਤਾ ਨਹੀਂ ਕੇਹੜਾ ਗੁਨਾਹ ਕਰ ਬੈਠੀਆਂ ਮੈਂ, ਦਿਨੇ ਰਾਤ ਰੋਂਵਦੀਆਂ ਅੱਖੀਆਂ ਵਿਚਾਰੀਆਂ।
ਪ੍ਰੀਤਮ ਪਿਆਰੇ ਸਤਿਗੁਰੂ ਰਾਮ ਸਿੰਘ ਬਾਝੋਂ, ਝੂਠੀਆਂ ਪਿਆਰ ਦੀਅ ਜੱਗ ਦੀਆਂ ਯਾਰੀਆਂ।

-----:੦:-----

ਫਾਗਨ ਕੀ ਫਾਗ ਸੰਗ ਫੂਲਨ ਕੇ ਬਾਗ ਭਲੀ, ਲਾਗਣ ਨ ਭਲੀ ਮੋਹਿ ਪੀਆ ਪਰਦੇਸ ਹੈ।
ਆਇ ਨ ਅਰਾਮ, ਧਾਮ ਸੁਨੀ ਭਈ 'ਸ਼ਾਮ' ਬਿਨ, ਹਰ ਘੜੀ ਜਾਮ ਮੇਰੇ ਰਾਮ ਕੋ ਆਦੇਸ ਹੈ।
ਇਤਨੋ ਸੰਦੇਸ, ਮੇਰੋ ਜਾਇ ਕਹੀਓ 'ਸ਼ਾਮਾ ਜੂ ਸੇ, ਜੋਗਨੋ ਸਾ ਵੇਸ, ਸੀਸ ਜਟਾ ਭਏ ਕੇਸ ਹੈ।
ਦਰਸ਼ਨ ਕੀ ਆਸ ਸੇ ਨ ਕੀਜੀਓ ਨਿਰਾਸ ਮੋਹੇ, ਪ੍ਰਾਨ ਨਾਥ ਤੇਰੇ ਬਿਨ ਸੂਨੇ ਭਏ ਦੇਸ ਹੈ।

---

*ਬਾਲਕ ਹੈ

ਨਾਮਧਾਰੀ ਨਿਸ਼ਾਨ !

(ਵਲੋਂ:-ਮਾ: ਨਿਹਾਲ ਸਿੰਘ ਜੀ ਬੀ. ਏ

ਸ਼ੈਤਾਨ !
ਧਕਿਆਂ ਗਿਆ ਜੰਨਤੋਂ, ਸ਼ੈਤਾਨੀਅਤ ਸਦਕਾ,
ਭਰਿਆ ਭੀਤਾ ਉਤਰਿਆ, ਏਸ ਰਗੀਲੇ ਬਾਗ਼ 'ਚ,
ਵਗਾ ਮਾਰੀ ਪੰਡ ਵਿਸਦੀ,
ਬੀ ਖਲਾਰ ਦਿਤਾ ਸ਼ੈਤਾਨੀਅਤ ਦਾ।
ਝੂਠ ਦੀ ਰੋਹ, ਸਾੜੇ ਦਾ ਪਾਣੀ,
ਪਾ ਪਾ ਚੰਗਾ ਪਾਲਿਆ ਪੋਸਿਆ।
ਲਗਰਾਂ ਛਡੀਆਂ ਲਮੀਆਂ ਲਮੀਆਂ।
ਪਿਉੂਦਿਆਂ ਬੂਟਾ ਬੂਟਾ; ਫਿੱਲ ਫਿੱਲ, ਪੱਛ ਪੱਛ,
ਕਿਸੇ ਨੂੰ ਫਰੇਬ ਦਾ, ਕਿਸੇ ਨੂੰ ਦੰਭਦਾ,
ਕਿਸੇ ਨੂੰ ਵਲ ਦਾ, ਕਿਸੇ ਨੂੰ ਛਲ ਦਾ,
ਕਿਸੇ ਨੂੰ ਚੁਗ਼ਲੀ ਦਾ, ਕਿਸੇ ਨੂੰ ਬਖੀਲੀ ਦਾ,
ਕਿਸੇ ਨੂੰ ਈਰਖਾ ਦਾ, ਕਿਸੇ ਨੂੰ ਘਿਰਨਾ ਦਾ।
ਸ਼ੈਤਾਨ ਨੂੰ ਚੜਨ ਲਾਲੀਆਂ,
ਆਪਣਾ ਬਾਗ਼ ਪ੍ਰਵਾਰ ਤਕ ਤਕ।
ਪੁਠੀਆਂ ਛਾਲਾਂ ਮਾਰੇ,
ਘਣੀ ਛਾਊਂ ਤੇ ਮੋਟੇ ਮੇਵੇ ਵੇਖ ਵੇਖ

..............................੨..............................

ਬਾਗਾਂ ! ਵੇਹੜ ਲਿਆ ਸੰਸਾਰ,
ਜਿਵੇਂ ਘੇਰਦੀ ਹੈ ਅੰਬਰੀ ਵੇਲ ਕੋੜਨ ਹਰੇ ਬ੍ਰਿਛ।
ਵਲਗਣਾਂ ਵਲੀਆਂ ਗਈਆਂ, ਵਸੋਂ ਵਸਾਇਆ,
ਗਲੀ, ਬਾਜ਼ਾਰ, ਹਟ ਕੈਮ ਹੋ ਗਏ,
ਮੰਦਰ, ਮਸੀਤਾਂ, ਪਾਠਸ਼ਾਲਾ, ਔਸ਼ਧਿਆਲੇ,
ਥਾਨ, ਕਚਹਿਰੀਆਂ ਉਸਾਰੇ ਗਏ;
ਖ਼ੂਬ ਗਹਿਮਾ ਗਹਿਮ ਹੋਈ,
ਮੋਢੇ ਨਾਲ ਮੋਢਾ ਠਹਿਕਣ ਲਗ ਪਿਆ,
ਪਰ ! ਬਾਹਰੋਂ ਚਿੱਟੇ ਅੰਦਰੋਂ ਕਾਲੇ,
ਬਾਹਰੋਂ ਪੀਡੇ ਅੰਦਰੋਂ ਪੋਲੇ,
ਬਾਹਰੋਂ ਪੱਕੇ ਅੰਦਰੋਂ ਕੱਚੇ,
ਵਿਸਣ ਨੂੰ ਸੋਹਣੇ ਅੰਦਰੋਂ ਫਿਕੇ,
ਗੋਡੇ ਗੋਡੇ ਜਾਲੰ, ਲਕ ਲਕ ਕੂੜਾ,
ਨਿਰੀ ਸੜਿਆਂਨ, ਬਦਬੋ।

..............................੩..............................

ਬਾਗ਼ਾਂ ਦੀ ਪੌਣ ਦੇਵੇ ਮਹਿਕਾਰ,
ਰੋਸ਼ਨ ਹੋਣ ਦਮਾਗ਼, ਸਮਝ ਸੁਚੱਜੀ,
ਸੋਚ ਸੋਹਣੀ,
ਮਗਰ ਏਥੇ ਨਿਰੀ ਬਦਬ,
ਇਹ ਨਾ-ਮੁਰਾਦ !
ਬੁਖਾਰ ਚਾੜ੍ਹੇ, ਨਜ਼ਲਾ ਲਾਵੇ,
ਸੂਲ ਪਾਏ ਤੇ ਦਰਦ ਸਰਹਾਣੇ ਰਹੇ।
ਪਾਠਸ਼ਾਲਾਂ !
ਅਨੋਖੇ ਪਾਠ ਪੜ੍ਹਾਨ,
ਝੂਠ ਬੋਲਣਾ, ਲੈ ਕੇ ਮੁਕਰਨਾ,
ਸੱਚੇ ਨੂੰ ਝੁਠਲਾਣਾ, ਲਿਸੇ ਨੂੰ ਲਤਾੜਨਾ,
ਸੱਦੇ ਨੂੰ ਠੁਠ ਵਖਾਉਣਾ,
ਵਡਿਆਂ ਦੇ ਨਿਰਾਦਰ,
ਡਾਢਿਆ ਦੇ ਆਦਰ,
ਇਹੋ ਇਨ੍ਹਾਂ ਦੀਆਂ ਮੁਹਾਰਨੀਆਂ।
ਏਥ !
ਵਢੀ ਨਿੱਘ ਦੇਵੇ,
ਕਾਲੀ ਕਮਾਈ ਸੀਨਾ ਠਾਰੇ;
ਸੂਰ ਤੇ ਗਾਂ ਮਨ-ਭਾਉਣ।
ਵਸਦਿਆਂ ਨੂੰ ਉਜਾੜਨਾ;
ਮਿਲਿਆ ਨੂੰ ਵਛੋੜਨਾ;
ਬਣਿਆਂ ਨੂੰ ਢਾਹੁਣਾ,
ਲਿਖਿਆਂ ਨੂੰ ਮੇਟਣਾ:
ਇਹ ਨਿਤ ਦੇ ਸ਼ਗਲ।
ਡੁਸਕਣੇ ਮੁਸਕਣੀਆਂ; ਹਾਏ ਹਾਏ ਲੱਗੀਆਂ;
ਵੈਣ ਸੋਹਿਲੇ, ਚੀਕਾਂ ਨਗ਼ਮੇਂ।

Sri Satguru Jagjit Singh Ji Elibrary NamdhariElibrary@gmail.com

ਬੰਦੇ !
ਲੰਮੇ, ਸੁਹਣੇ ਸਡੌਲ,
ਲੰਮੇ ਬੋਬੇ ਦਾੜ੍ਹੇ,
ਗਲੀਂ ਤਸਬੀਆਂ, ਮਾਲਾ, ਜਨੇਊ,
ਮਥੀਂ ਤਿਲਕ,
ਮਗਰ ਕੱਟੇ ਜੀਭੇ,
ਕਠੋਰਤਾ ਦੇ ਭਰੇ, ਨਿਰਦਈਤਾ ਦੇ ਪੁਤਲੇ,
ਕ੍ਰਿਤਘਣਤਾ ਦੇ ਆਗੂ, ਪਸ਼ੂ-ਪਨੇ ਦੇ ਮੋਢੀ,
ਬਲਾਂ 'ਚ ਅੱਗ, ਬਾਣੀ 'ਚ ਛੱਟੀਆਂ।
ਵਰ ਦੇ ਵਿਹਾਰੀ !
ਗਵਾਂਢੀ ਦੇ ਗਵਾਂਢੀ, ਕਸਬੀ ਦੇ ਕਸਬੀ,
ਭਰਾ ਦੇ ਭਰਾ, ਪਿਓ ਦੇ ਪੁਤ,
ਸਕਿਆਂ ਦੇ ਸੱਕ ਲਹਿਣ
ਧਰਮ ਦੇ ਧਰਮ ਮਖੌਲੀ.
ਪਾਂਗੈਮਬਰ ਨੂੰ ਪੈਗ਼ਮਬਰ ਠਿਠਲਾਣ,
ਧਰਮ ਅਸਥਾਨੀ ਪ੍ਰਾਰਥਨਾ,
ਕਤਲਾਂ ਤੇ ਬ੍ਰਬਾਦੀਆਂ ਦੀਆਂ।
ਚਕਲੇ ਖਲਣ;
ਮਾੜਿਆਂ ਦੇ ਲਹੂ ਡੁਲ੍ਹਣ,
ਖਾਣ ਪੀਣ ਦੀ ਸ਼ੈਦੀਂ ਪੱਥਰ ਪੈਣ,
ਜ਼ਹਿਰ ਨਾਲ ਮਾਰਨ ਦਾ,
ਮੁਲ ਲਿਆ ਜਾਵੇ,
ਬਗ਼ਲੀਂ ਛੁਰੀਆਂ, ਮੂੰਹੀਂ ਰਾਮ ਰਾਮ,
ਅਸਲੋਂ ਬੁਚੜ, ਪੂਰੇ ਕਸਾਈ।
ਪ੍ਰੇਮ ਦੇ ਪੁਜਾਰੀ ! ਨਿਰੇ ਮੂਰਖ,
ਡਗਰ; ਪਾਂਗਲ।
ਵੱਡਾ ਲੜਾਕਾ ਵਡਾ ਸ਼ੇਰ;
ਵੱਡਾ ਕੁੱਤਾ ਵਡਾ ਆਗੂ;
ਵਡਾ ਅਖੜ ਵਡਾ ਪੰਚ,
ਵਡਾ ਲੁਟੇਰਾ ਸਭ ਦਾ ਬਾਪੂ।
ਚੋਰ ਉੱਚਕਾ ਚੌਧਰੀ, ਗੁੰਡੀਆਂ ਰੰਨਾ ਪ੍ਰਧਾਨੋਂ।

.........................੪.........................

ਸ਼ੈਤਾਨ ਨਵੀਂ ਟੂਕ ਚਾੜ੍ਹੀ;
ਫਿਰਕੂ ਸੱਪ ਸ਼ੂਕਣ; ਕੌਮੀ ਠੂਹਿਆਂ ਡੰਗ ਚੁੱਕੇ;
ਧਰਤੀ ਵੰਡੀ ਗਈ, ਪਾਣੀ ਵੰਡਿਆ ਗਿਆ,
ਨਾਲੇ ਵੰਡੀ ਗਈ ਪੌਣ,
ਛਾਉਣੀਆਂ ਕੈਮ ਹੋਈਆਂ,
ਕੋਟ ਉਸਾਰੇ ਗਏ,
ਸ਼ੈਤਾਨੀ ਕਾਰਖਾਨੇ ਖੁਲ ਗਏ,
ਟੈਂਕਾਂ ਅੰਗੜਾਈ ਭਰੀ ਦਰੜਨ ਲਈ,
ਬਕੂਚਰ ਠਿਲ੍ਹੇ ਸਾੜਨ ਵਾਸਤੇ,
ਤੋਪਾਂ ਮੂੰਹ ਅੱਡੇ ਅਗਨ ਵਰਸ਼ਾ ਸ਼ਦਕਾ,
ਅਗਨ ਗੋਲੇ ਪੁਜ ਗਏ ਆਕਾਸ਼ ਤਕ।
ਬਾਂਗ਼ਾਂ ਦੇ ਟਾਹਣੇ ਕਟੇ ਗਏ,
ਛਿਟੀਆਂ ਜ਼ਮੀਨਾਂ ਉਲੀਕਿਆ ਗਈਆਂ,
ਲਾਲ ਨੀਲਿਆ ਸਾਵੀਆ,
ਚਿਤਰਿਆ ਦਾਤਰੀ ਹਥੌੜੇ ਚੰਨ ਤਾਰੇ,
ਸਲੀਬਾਂ ਤੇ ਚਕਰ ਸੁਦਰਸ਼ਨਾਂ ਨਾਲ।
ਚਾੜ੍ਹ ਦਿਤੇ ਨਸ਼ਾਨ ਆਪੋ ਆਪਣੀਆਂ ਵਾੜਾਂ ਦੇ।
ਫੱਰਾਟੇ ਭਰਨ ਫਰੇਰੇ,
ਛਿੜਨ ਗੁਝ-ਗੁਦੀਆਂ ਜਵਾਨਾਂ ਅੰਦਰ,
ਲੁਡੀ ਪਵੇ, ਢੋਲ ਢਮੱਕਾਂ ਵੱਜੇ,
ਝੂਮਣ ਲੀਗੀ; ਝੂਮਣ ਮਿਰਕਣੀਏ;
ਝੂਮਣ ਫਰੰਗੀ ਭੁੜਕਣ ਤੁਰਕੜੇ;
ਰੂਸੀ ਤੇ ਚੀਨੇ ਫੀਨੇ।
ਜਵਾਨੀ ਚੁੰਗੀਆ ਮਾਰੇ,
ਬਕਰੇ ਬੋਲਣ, ਚਾਂਗਰਾਂ ਵਜਣ,
ਅੱਲਾ ਹੂ ਅਕਬਰ,
ਹਰਿ ਹਰਿ ਮਹਾਂ ਦੇਵ,
ਹੇਲ ਹਿਟਲਰ,
ਗਾਡ ਸੇਵ ਦੀ ਕਿੰਗ।
ਮਾਰੂ ਵਾਜੇ ਵਜਣ, ਪ੍ਰੇਡਾ ਹੋਣ;
ਰਾਈਟ ਲੈਫਟ; ਰਾਸ਼ਤ ਚਪ;
ਇਕ ਦੋ; ਸੱਜਾ ਖੱਬਾ;
ਗੂੰਜੇ ਆਕਾਸ਼।
ਆਦਮ ਨਗਰ, ਬਣਿਆ ਭੂਤਨਪੁਰਾ।
ਜੋਗਣੀਆਂ ਖੱਪਰ ਸੰਭਾਲੇ,
ਗਿਰਜਾਂ ਇਲਾਂ ਤਾਰੇ ਬੰਨ੍ਹੇ;
ਗਿਦੜ ਕੁਤਿਆ ਸੋਹੀਂ ਲਾਈਆਂ;
ਪ੍ਰੇਤ ਪਸਾਚਾਂ ਵਧਾਈਆਂ ਦਿਤੀਆਂ,
ਯਾਰਾਂ ਦੀਆਂ ਮੌਜ ਬਾਹਰਾਂ ਆਈਆਂ।

....

........................ਪ. ....

ਅੱਤ ਨਾਲ ਰੱਬ ਦਾ ਵੈਰ ਧੁਰੋਂ !
ਸੁਣਿਆ, ਤ੍ਰਿਣਾ, ਅਕਮਾਇਆ।
ਹੁਕਮ ਹੋਇਆ ਧਰ ਦਰਗਾਹੋਂ,
ਅਲਖ ਮੁਕਾਉਣ ਲਈ ਸਦੀਆਂ ਤੋਂ ਪਲ
ਰਹੇ ਸ਼ੈਤਾਨ ਦੇ ਸਾਲੇ ਦੀ।
ਵਰਨ ਸੂਰਜ ਇੰਦਰ ਚਾੜ ਲਿਆਏ ਸੈਨਾਂ।
ਦਹਿਲੇ ਦਿਲ ਸ਼ੈਤਾਨੀ ਨਸ਼ਾਨਾਂ ਦੇ:
ਸੂਰਜ ਸ਼ੁਕਦੇ ਬਾਣ ਮਾਰੇ, ਛਾਨਣੀ ੨ ਕਰ ਦਿਤਾ।
ਰੰਗ ਫਕ ਹੋ ਗਿਆ।
ਹਵਾਈ ਉਡ ਗਈਆਂ, ਚਟੋਣ ਨਿਕਲ ਆਈ,
ਨੀਲਿਆਂ ਦਾ ਨੀਲ ਉਡਿਆ,
ਪੀਲਿਆ ਦਾ ਪੀਲ ਉਡਿਆ,
ਲਾਲੀ ਗਈ ਹਰਿਆਲੀ ਨੱਸੀ।
ਜਿਧਰ ਗਈਆਂ ਬੇੜੀਆਂ ਤਿਧਰੇ ਮਲਾਹ।
ਚੰਨ ਤਾਰੇ !
ਦਾਤਰੀਆਂ ਕੁਹਾੜੀਆਂ ਢਹਿ ਪਈਆਂ,
ਬਨਾਉਟ ਗਈ, ਅਸਲ ਰੂਪ ਫੜਿਆ;
ਯੂਨੀਅਨ ਜੈਕਾਂ, ਹਲਾਲੀਆਂ।
ਹੈਂਕੜ ਨੌਂ ਦੋ ਯਾਰਾਂ;
ਨਿਵੇਂ ਸਉ ਗਉਰਾ ਹੋਇ—ਸਲੋਕ ਪੜਿਆ।
ਆਕੜੀਆਂ ਧੌਣਾਂ ਝੁਕ ਗਈਆਂ।
ਚਰਣ ਚੁਮਣ ਲਈ ਡੁਹਲੇ।
ਧੀਰੇ ਧੀਰੇ ਬਦਲ ਫਟ ਗਏ,
ਆਕਾਸ਼ ਨਿਰਮਲ ਹੋਇਆ,
ਨਿਘੀਆਂ ਕਿਰਨਾਂ ਪਾਲਾ ਲਾਹਿਆ,
ਪਰਬਤ ਟੀਬਿਆਂ ਨਖਾਰ ਫੜਿਆ,
ਪ੍ਰਕਿਰਤੀ ਖੇੜੇ 'ਚ ਆਈ, ਧਰਤੀ ਸ਼ੰਗਾਰ ਲਾਏ।
ਬਨਸਪਤੀ ਹਾਰ ਪਹਿਨੇ ਮਹਿਕਾਰ ਨੇ ਮਸਤੀ ਵੰਡੀ।
ਅਨੇਕ ਸੂਰਜਾਂ ਦਾ ਚਮਕਾਰ ਹੋਇਆ ਅਕਾਸ਼ 'ਚ।
ਉਤਰਿਆ ਮਨੁਖਤਾ ਦਾ ਨਸ਼ਾਨ,
ਨਿਰਵੈਰ, ਨਿਰਛਲ-ਪ੍ਰੇਮ ਮੁਹੱਬਤ ਉਲਫਤ;
ਜਿਸਦੀ ਛਾਂ ਵਟਾਇਆ ਰੂਪ ਸ਼ੈਤਾਨੀ ਨਸ਼ਾਨਾਂ ਦਾ।
ਸ਼ੈਤਾਨ !
ਹਥਿਆਰ ਸੁਟ ਘਤੇ; ਉਠ ਨਸਿਆ;
ਹਰਨ ਹੋਈ ਸੈਨਾਂ ਖੁਰ ਸਿੰਙਾਂ ਤੇ ਰਖ, ਪੂਛਲਾਂ ਚੁਕ ੨
ਠੰਡ ਵਰਤ ਗਈ; ਤਾਪ ਲਹਿ ਗਿਆ।
ਬਾਜ਼ਾਂ ਦੇ ਖੰਭ ਟੁਟ ਪਏ; ਵਿਹੁਲੇ ਨਾਗ ਕੀਲੇ ਗਏ;
ਖੂੰਨੀ ਬਘੇਲ ਕੰਨ ਸੁਟ ਬੈਠੇ;
ਸੰਗਲ ਤਿੜਕਣ ਲਗ ਪਏ; ਬੇੜੀਆਂ ਭੁਰ ਪਈਆਂ
ਛੁਰੀਆਂ ਹਥੋਂ ਡਿਗੀਆਂ ਜੇਲ੍ਹੀ ਮਗੋਰ ਆ ਹੋਏ;
ਮੁਨਾਰੇ ਗਿੜ ਗੜਾਏ: ਕੋਟਾਂ ਤਰੇੜਾਂ ਆਈਆਂ;
ਟਿਬੇ ਪਧਰੇ, ਵਿਫਾਂ ਭਰੀਆਂ,
ਨਿਵਾਣ ਸਾਵੇ ਪਲੜੇ;
ਦਹਵਾਰਾਂ ਉਸਾਰੀ ਫੜੀ; ਬੰਜਰ ਗੁਲਸ਼ਨ ਬਣੇ;
ਸੁਕੀ ਕਾਠੀਂ ਜਾਨ ਆਈ;
ਸਿੱਕਰੀ ਬੁਲਾਂ ਤਰਿਆਈ ਫੜੀ;
ਰਿਸ਼ਾਈਆਂ ਸੁਤ ਆਈਆਂ; ਡੂੰਘੀਆਂ ਅਖੀਂ ਜੋਤੀ ਆਈ;
ਨਾਵੀਆਂ ਛਾਤੀਆਂ ਉਭਾਰ ਖਾਂਦਾ।
ਵਿਫਾਂ ਕਨਕੋੜਾਂ ਸਿਧ ਫੜੀ;
ਡਡੇ ਪੈਰ ਸੁਚਾਲੇ ਹੋਏ,
ਟੁੰਡੀਆਂ ਬਾਹੀਂ ਗੋਲਿਆਈ ਲਈ;
ਮੋਤੀਆਂ ਬਿੰਦ ਉਤਰ ਗਇਆਂ।
ਅਸ਼ਟਾਵਕਰ—ਸੂਰਤ ਸਿੰਘ।
ਸ਼ੈਤਾਨੀ ਚਰਖੇ ਸਾਗਰੀਂ ਠਿਲੇ;
ਮਾਰੂ ਗੈਸਾਂ ਆਕਾਸ਼ੀਂ ਉਡੀਆਂ;
ਧੜਕਣਾਂ ਦੀ ਧੜਕਣ ਮੁਕੀ,
ਚਿੰਤਾ ਚੁਲੇਡੇਰਾ ਲਾਇਆ; ਕਲ੍ਹਾ ਕਲੇਸ਼ਾਂ ਫਾਹ ਲਾਏ
ਗਲਵਕੜੀਆਂ ਪੈ ਗਈਆਂ:
ਬਾਛੀਆਂ ਤੋਂ ਫੁਲ ਕਿਰਨ ਪ੍ਰੇਮ ਨ੍ਰਿਤਕਾਰੀਆਂ ਰੰਭੀ;
ਮੰਗਲਾ ਚਰਨ ਨਾਦ ਪੂਰਿਆਂ;
ਬਹਿਦ ਦੇ ਝੌਮੇ ਫੁਟੇ;
ਮਿਠੀ ਬਾਣੀ ਦੇ ਝਰਨੇ ਵੇ ਟੁਰੇ, ਅਮ੍ਰਿਤ ਵਰਖਾ ਹੋਈ
ਮਉਲੀ ਧਰਤੀ ਮਉਲਿਆ ਅਕਾਸੁ;
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ।
ਧਰਮ ਸਿੰਘਾਸਨ ਮਲਿਆਂ,
ਧੀਰਜ ਅਰਦਲੀਆ, ਸ਼ਾਂਤੀ ਚੌਰ ਬਰਦਾਰ;
ਅਮਨ ਚੋ ਕੁੰਟੀਂ ਪਹਿਰੂਆ,
ਸੁੰਦਰ ਭਵਨ ਤੇ ਲਹਿਲਹਾ ਰਹੀ ਹੈ;
ਦੁਧ ਚਿਟੀ ਧੁਜਾ ਆਕਾਸ਼ ਨੂੰ ਖਹਿੰਦੀ;
ਬ੍ਰਾਜਮਾਨ ਹਨ ਸ੍ਰਿਸ਼ਟੀ ਦੇ ਹਰਤਾ ਕਰਤਾ;
ਸ੍ਰੀ ਸਤਿਗੁਰੂ ਰਾਮ ਸਿੰਘ ਜੀ !

Sri Satguru Jagjit Singh Ji Elibrary NamdhariElibrary@gmail.com